भारत सरकार
GOVERNMENT OF INDIA
राष्ट्रीय पुस्तकालय, कलकत्ता।
NATIONAL LIBRARY, CALCUTTA.

वर्ग संख्या P
Class No. 923·1
पुस्तक संख्या
Book No. H476A
रा० पु०/ N. L. 38.

MGIPC—S4—39 LNL/64—1-11-65—100,000.

# ਸ੍ਰੀ ਹਜ਼ੂਰ ਕ੍ਮਾਂਡਰ ਇਨਚੀਫ ਫੌਜ ਹਿੰਦ ਦੀ ਸਫਾਰਸ਼ੀ ਚਿੱਠੀ ਦੀ ਨਕਲ

His Excellency the Commander-in-Chief in India, recommends it in his letter No. 3201B dated 24th September 1905 addressed to the Manager of our Firm.

" The adjutant General in India is directed to acknowledge the receipt of the Gurmukhi book entitled Chamkada Heera," and to say tha appears to be an **Interesting and Usefu** **pilation** which many Commandin officers will **doubtless utilise** when the book is brought to their notice."

ਸ੍ਰੀ ਹਜ਼ੂਰ ਕਮਾਂਡਰਇਨ ਚੀਫ ਫੌਜ ਹਿੰਦ ਦੀ ਸਫਾਰਸ਼ੀ ਚਿਠੀ ਨੰਬਰ ੩੨੦੧ ਬੀ, ਤਾਰੀਖ ੨੪ ਅਕਤੂਬਰ ੧੯੦੫ ਬਨਾਮ ਭਾਈ ਅਮਰ ਸਿੰਘ ਮੈਨੇਜਰ "ਖਾਲਸਾ ਏਜੰਸੀ" "ਚਮਕਦਾ ਹੀਰਾ" ਕਿਤਾਬ ਬੜੀ ਸੁਵਾਦਲੀ ਤੇ ਮੁਫੀਦ ਸੰਗ੍ਰਹ ਹੈ, ਜਿਸਨੂੰ ਪਲਟਨਾਂ ਦੇ ਕਮਾਨ ਅਫਸਰ ਜਦ ਇਸ ਕਿਤਾਬ ਦਾ ਉਨ੍ਹਾਂ ਨੂੰ ਪਤਾ ਲਗੇਗਾ ਬਿਨਾ ਸ਼ਕ ਸ਼ੁਬੇ ਦੇ ਖਰੀਦ ਕੇ ਸਕੂਲਾਂ ਵਿਚ ਪਰਚਾਨ ਗੇ ।

ਘਰ ਵਿੱਚ ਹੁਣ, ਬੀ ਮੌਜੂਦ ਹਨ ) ਸਬਬ ਨਾਲ ਜਦ ਮੈਂ ਉਥੇ ਖੜਾ ਦੇਖਦਾ ਹੋਸੀ ਤਾਂ ਇੱਕ ਅੰਗ੍ਰੇਜ਼ ਆਪਨੀ ਮੇਮ ਨਾਲ ਜੋ ਅਜੇ ਨਵੀਂ ਹੀ ਵਲਾਇਤੋਂ ਆਈ ਮਲੂਮ ਹੁੰਦੀ ਸੀ, ਇਹ ਵਾਰਤਾ ਕਹਿ ਰਿਹਾ ਸੀ, ਜਿਸਦਾ ਸੰਛੇਪ ਜੋ ਮੈਂ ਕੰਨੀ ਸੁਣਿਆ ਹੈ ਹੇਠਾਂ ਲਿਖਦਾ ਹਾਂ ॥

"ਇਹ ਤਸਵੀਰ ਉਸ ਜ਼ਿੰਦਾਦਿਲ, ਜੁਵਾਨ ਮਰਦ, ਦਲੇਰ ਦੇਸ਼ ਹਿਤੈਸ਼ੀ ਸਿੱਖ ਸਰਦਾਰਦੀ ਹੈ ਜਿਸਦਾ ਨਾਮ ਅਜੇ ਤਕ ਸਰਹੱਦੀ ਇਲਾਕਿਆਂ ਵਿੱਚ ਹਊਆ (TERROR) ਹੈ ਮਾਵਾਂ ਰੋਂਦਿਆਂ ਬੱਚਿਆਂ ਨੂੰ ਚੁਪ ਕਰਾਉਣ ਵਾਸਤੇ ਇਸੇ ਦਾ ਨਾਮ ਲੈਕੇ ਡਰਾਉਂਦੀਆਂ ਹਨ* ਇਸੇ ਸਰਦਾਰ ਨੇ ਮਹਾਰਾਜੇ ਰਣਜੀਤ ਸਿੰਘ ਦੀ ਰਾਜਧਾਨੀ ਦੀ ਹੱਦ ਬੰਦੀ ਕੀਤੀ, ਇਹ ਬੜਾ ਅਕਲਮੰਦ ਦੀਰਘ ਦ੍ਰਿਸ਼ਟੀ ਵਾਲਾ ਤੇ ਸਮੇਂ ਦਾ ਸੁਚੇਤ ਸੀ"

ਮੈਂ ਅੱਗੋ ਭੀ ਇਸ ਜੇਹੇ ਸਮਾਚਾਰ ਲਿਖਣਾ ਚਾਹੁੰਦਾ ਸੀ, ਪਰ ਇੱਕ ਤਾਂ ਵਕਤ ਘੱਟ ਮਿਲਦਾ, ਦੂਸਰਾ ਪੰਜਾਬੀ ਵਿਚ ਕੋਈ ਐਸੀ ਪੁਰਾਣੀ ਚੰਗੀ ਲਿਖਤ ਨ ਮਿਲੀ, ਕਿਉਂਕਿ ਸਮੇਂ ਦੀ ਕਾਲੀ ਚੱਦਰ ਨੇ ਸਾਡੀ ਕੌਮ ਦੇ ਬੜੇ ੨ ਸੂਰਬੀਰ, ਪਰਮ ਪਵਿਤ੍ਰ ਧਰਮਾਤਮਾ, ਦੇਸ਼ਰਖਛਕ, ਪਰੋਪਕਾਰੀ ਜੀਵਾਂ ਦੇ ਉਤਸਾਹੀ ਸਮਾਚਾਰ ਲੁਕਾ ਰੱਖੇ ਹਨ, ਜਿਸਨੂੰ ਸਾਡੀ ਵਿੱਦਿਆ ਦੀ ਕਮਜ਼ੋਰੀ ਵ ਅਣਗਹਿਲੀ ਨੇ ਕਮਜ਼ੋਰੀ ਦਾ ਕਾਲਾ ਪੱਖ ਕਿਸੇ ਤਰ੍ਹਾਂ ਭੀ ਚਮਕਣ ਨਹੀਂ ਦੇਂਦਾ। ਪੰਥ ਉਪਕਾਰੀ ਭਾਈ ਗਿਆਨ ਸਿੰਘ ਜੀ, ਪ੍ਰਸਿੱਧ ਸਪਤਾਹਿਕ ਖਾਲਸਾ ਸਮਾਚਾਰ, ਸੈਦੋ ਜੀ, ਬਿਜੈ ਸਿੰਘ ਆਦਿਕ

*ਪਸ਼ਤੋ ਵਿੱਚ ਕਹਿੰਦੇ ਹਨ, "ਬੱਚਾ ਖ਼ਾਮੋਸ਼ ਬਾਸ਼ ਹਰੀਆ ਬਿਆਇਦ, ਓ ਬੱਚੇ! ਚੁਪ ਰਹੋ ਹਰੀਆ (ਹਰੀ ਸਿੰਘ) ਆ ਜਾਵੇਗਾ

ਅਤੇ ਕਲਮ ਦੇ ਧਨੀ ਸਰਦਾਰ ਕਾਹਨਸਿੰਘਜੀ ਨਾਭਾਨਿਵਾਸੀ ਭਾਈਵੀਰਸਿੰਘਜੀਗਿਆਨੀਅਤੇਪ੍ਰਬੰਧਕਖਾਲਸਾਟ੍ਰੈਕਟਸੁਸੈਟੀ ਆਦਿਕ ਸੱਜਨਾਂ ਨੇ ਬਹੁਤ ਕੁਝ ਯਤਨ ਕਰਕੇ ਪੰਥ ਨੂੰ ਲਾਭ ਪੁਚਾਇਆ ਹੈ, ਪਰ ਅਜੇ ਭੀ ਅਮੁੱਕ ਸਮਾਚਾਰ ਪੁਰਾਤਨ ਬ੍ਰਿਧ ਮਰਦ ਤੀਵੀਆਂ ਦੇ ਸਿਰਾਂ ਨਾਲ ਹੀ ਮੁੱਕਦੇ ਜਾਂਦੇ ਹਨ,ਜਿਸਨੂੰ ਸ਼ੁੱਭ ਨਾਲ ਸੰਕਲਤ ਕਰਨ ਦਾ ਯਤਨ ਕਰਕੇ ਪੰਥ ਵਿੱਚ ਸੱਚੀ ਜ਼ਿੰਦਗੀ (ਜਿਸਦੀ ਬੜੀ ਜ਼ਰੂਰਤ ਹੈ ) ਨੂੰ ਸੁਰਜੀਤ ਕਰਨਾ ਬੜਾਜਰੂਰੀਹੈ, ਇਸ ਅੰਗ੍ਰੇਜ਼ ਦੀ ਏਹ ਪ੍ਰਸ਼ੰਸਨੀਯਵਾਰਤਾ ਸੁਣਨ ਨਾਲ ਮੇਰੇ ਚਿੱਤ ਵਿੱਚ ਭੀ ਡਿੱਗੀ ਹੋਈ ਉਮੰਗਪੁੰਗਰੀ,ਕਿਜਿਨਾ ਹੋ ਸਕੇ ਐਸੇ ਸੂਰਬੀਰ ਦੇ ਕਾਰਨਾਮੇ ਲਿਖੇ ਜਾਵਨ । ਮੈਂ ਕੁਛ ਮਹੀਨੇ ਚੁੱਪ ਰਿਹਾ, ਇਸ ਖਿਆਲ ਤੇ ਕਿ ਕੋਈ ਯੋਗ ਵਿਦ੍ਵਾਨ ਸਿੰਘ ਏਸ ਭਾਰ ਨੂੰ ਹੌਲਾ ਕਰੇ, ਅਤੇ ਮੇਰੇਟੁੱਟੇ ਫੁੱਟੇ ਲੇਖਾਂ ਨੂੰ ਹਾਸੀ ਨ ਹੋਵੇ, ਪਰ ਜਦ ਚੁਪਾਸੜੋਂ ਚੁੱਪ ਵੇਖੀ ਤੇ ਉਰਦੂ ਦੀਆਂ ਇੱਕ ਦੋ ਪੁਸਤਕਾਂ ਲਾਹੌਰ ਵਿੱਚ ਛਪ ਭੀ ਗਈਆਂ ( ਜੋ ਬਿਲਕੁਲ ਨਾਮੁਕੰਮਲਹਨ,ਕਿਉਂਕਿਮਾਲੂਮ ਹੁੰਦਾਹੈ ਜੋਓਨ੍ਹਾਂਦੇ ਮੁਸੰਨਫਾਂਨੇ ਘਰਬੈਠ ਬਿਠਾਏ ਇੱਕ ਦੂਸਰੇਦੀਨਕਲ ਕਰ ਦਿੱਤੀ ਪਰ ਮੇਹਨਤ, ਸਮਾ ਤੇ ਰੁਪਯਾ ਖਰਚ ਕਰਕੇਬਾਹਰਦੇਸਰਹੱਦੀ ਸਮਾਚਾਰ ਯਤਨਕਰਕੇ ਇੱਕਠੇ ਨਹੀਂ ਕੀਤੇ।ਏਹ ਦੇਖਕੇ ਮੈਂ ਭੀ ਯਤਨ ਕੀਤਾ, ਸੋ ਸਬੱਬ ਨਾਲ ਏਹ ਬਿਰਥਾ ਮੈਂ ਇੱਕ ਦਰਸ਼ਨੀਕ ਬ੍ਰਿੱਧ ਸਿੰਘ ਜੀ ਨੂੰ ਦੱਸੀ, ਜੋ ਇਸ ਵਕਤ ੮੫ ਬਰਸਾਂ ਦੀ ਅਵਸਥਾ ਤੇ ਵਧੀਕ ਹਨ,ਅੱਤੇਇੱਕ ਪਲਟਨਦੇ ਕਰੀਬਨ ਅਠਾਈ ਬਰਸ ਸੂਬੇਦਾਰਰਹਿ ਚੁੱਕੇ ਅਤੇ ਹੁਣ ਪੈਨ-ਸ਼ਨ ਪਾਉਂਦੇ ਹਨ,ਏਨ੍ਹਾਂ ਨੇਸਰਦਾਰਹਰੀਸਿੰਘਜੀ ਨੂੰਅੱਖੀਂ ਚੰਗੀ ਤਰ੍ਹਾਂਦੇਖਿਆ ਸੀ,ਤੇਅਕਸਰਸਮਾਚਾਰ ਉਨ੍ਹਾਂਦੀ ਬਹਾਦੁਰੀ ਦੇਉਸ

ਸਮੇਂ ਦਿਆਂ ਇਸਤ੍ਰੀ ਪੁਰਸ਼ਾਂ ਪਾਸੋਂ ਭੀ ਸੁਣਦੇ ਹੁੰਦੇ ਸੀ, ਸੋ ਬਹੁਤ ਸਾਰਾ ਹਾਲ ਉਨ੍ਹਾਂ ਨੇ ਮੈਨੂੰ ਦੱਸਿਆ। ਮਿਚਨੀ ਦੇ ਕਿਲੇ ਤੇ ਥੇਲੀਆਂ ਨਾਮੇ ਗ੍ਰਾਮਦੀ ਲੜਾਈ ਦਾ ਹਾਲ ਭੀ ਏਨ੍ਹਾਂ ਨੇ ਹੀ ਦੱਸਿਆ ਸੀ, ਇਹ ਕਹਿੰਦੇ ਹਨ ਕਿ ਮੈਨ ੧੮੭੮ ਈ: ਵਿੱਚ ਅੰਗ੍ਰੇਜ਼ੀ ਫ਼ੌਜ ਦੀ ਇੱਕ ਕੰਪਨੀ ਸਾਡੇ ਨਾਲ ਮਿਚਨੀ ਦੇ ਕਿਲੇ ਵਿੱਚ ਨੌਕਰੀ ਤੇ ਗਈ ਸੀ, ਤਦ ਇੱਕਵਡੇ ਅੰਗ੍ਰੇਜ਼ ਅਫਸਰਨੇ ਸ਼ਿਕਾਰ ਕਰਦੇ੨ ਉਸ ਇਲਾਕੇ ਦੇ ਇੱਕ ਬੁਢੇ ਬੁੱਢੇ ਪਠਾਨ ਤੋਂ ਉਥੇ ਥੇਹਾਂ ਦੇ ਥੇਹ ਜਗਾ ਦੇਖਕੇ ਇਸਦਾ ਕਾਰਣ ਪੁੱਛਿਆ ਤਾਂ ਉਸ ਬੁੱਢੇਪਠਾਨ ਨੇ ਸਰਦਾਰਹਰੀ ਸਿੰਘਜੀਦੀ ਪਰੋਪਕਾਰੀ ਬਹਾਦੁਰੀ ਦਾ ਸਿਮਾ ਇਸਨੂੰ ਵਰਣਨ ਕੀਤਾ ਜੋ ਆਪ ਅਗੇ ਪੜ੍ਹੋਗੇ, ਜਦ ਸਰਕਾਰੀ ਫ਼ੌਜ ਨੇ ਅਗਰੌਰ ਤੇ ਚੜ੍ਹਾਈ ਕੀਤੀ ਤਾਂ ਉਸ ਵੇਲੇ ਕਰਨੈਲ ਚੇਂਬਲੈਨ ਸਾਹਿਬ COLONEL CHAMBERLAIN ਨੇ ਜੋ ਇਸ ਮੁਹਿੰਮ ਦੇ POLITICAL ADVISER ਕਾਰਕੁਨ ਸਨ, ਥੇਲੀਆਂ ਨਾਮੇ ਪਿੰਡ ਵਿੱਚੋਂ ਇੱਕ ਪੁਰਾਤਨ ਬ੍ਰਿਧ ਪਠਾਨ ਨੂੰ ਜਿਸਦੀ ਉਮਰ ਉਸ ਵੇਲੇ ਕਰੀਬਨ ੯੦ ਸਾਲ ਦੀ ਸੀ ਮੰਜੀ ਤੇ ਚੁਕਵਾਕੇ ਮੰਗਵਾਯਾ, ਕਿਉਂਕਿ ਇਸਦੀ ਨਜ਼ਰ ਬੰਦ ਹੋਗਈ ਸੀ, ਤੇ ਪੁਛਿਆ ਕਿ ਕੀ ਸਬੱਬ ਹੈ ਜੋ ਸਰਦਾਰ ਹਰੀਸਿੰਘ ਨੇ ਥੋੜੇ ਹੀ ਚਿਰ ਵਿੱਚ ਏਸ ਸਰਕਸ਼ ਪਾਸੇ ਨੂੰ ਅਪਨੇ ਮਾਤ੍ਰੈਹਤ ਕਰਲਿਆ ਸੀ ? ਸੋ ਇਹ ਸਭ ਹਾਲ ਤੇ ਸਰਦਾਰ ਜੀ ਦੀ ਤ੍ਰੁੱਕੀ ਦੇ ਕਾਰਣ ਉਸ ਪਠਾਨ ਦੀ ਜ਼ੁਬਾਨੀ ਕਿ ਜਿਸਨੇ ਪੈਦੇ ਖਾਂ ਆਦਿਕ ਸਭ ਨੂੰ ਡਿੱਠਾ, ਤੇ ਹੋਰ ਜੋ ਏਨ੍ਹਾਂ ਨੇ ਸੁਨੇਸੇ ਸੋਸਾਨੂੰ ਦਸੇ ਹਨ, ਬਾਕੀ ਕੁਛ ਕਿਧਰੋਂ ਕੁਛ ਕਿਧਰੋਂ ਤੇ ਕਿਤਨੀ ਵਾਰੀ ਜਮਰੋਦ ਵਗੈਰਾ ਵਲ ਖੁਦ ਸਫਰ ਕਰਕੇ ਤੇ ਕਈ ਅੰਗ੍ਰੇਜ਼ੀ ਪੁਸਤਕ ਭੀ ਦੇਖਕੇ ਇਹ

# ਭੂਮਿਕਾ ਤੀਜੀ ਵਾਰ ਦੀ

ਸ਼ੁਕਰ ਹੈ ਅਕਾਲ ਪੁਰਖ ਦਾ ਜੋ ਏਸ ਪੁਸਤਕ ਨੂੰ ਤੀਜੀ ਵਾਰੀ ਛਪਣ ਦਾ ਮੌਕਾ ਮਿਲਦਾ ਹੈ. ਆਪ ਪ੍ਰੇਮੀ ਸਜਣਾਂ ਦਾ ਜਿਨ੍ਹਾਂ ਨੇ ਕਿ ਇਸ ਤਰਾਂ ਕ੍ਰਿਪਾ ਦ੍ਰਿਸ਼ਟੀ ਕਰਕੇ ਸਾਡਾ ਹੌਸਲਾ ਵਧਾਯਾ ਹੈ ਬਹੁਤ ੨ ਧੰਨਵਾਦ ਹੈ. ਅਸਾਂ ਏਸ ਪੁਸਤਕ ਨੂੰ ਪਹਿਲੀਆਂ ਐਡੀਸ਼ਨਾਂ ਤੋਂ ਛਪਾਈ ਤੇ ਕਾਗਜ਼ ਵਿਚ ਏਸ ਵਾਰੀ ਹੱਛਾ ਕਰਨ ਦਾ ਯਤਨ ਕੀਤਾ ਹੈ, ਪਰ ਮੁੱਲ ਵਿਚ ਕੋਈ ਵਾਧਾ ਨਹੀਂ ਕੀਤਾ, ਜਿਸ ਨੂੰ ਵੇਖਕੇ ਆਸ਼ਾ ਹੈ ਪ੍ਰੇਮੀ ਸਜਣ ਖੁਸ਼ ਹੋਵਣ ਗੇ.

ਆਸ਼ਾ ਹੈ ਕਿ ਪ੍ਰੇਮੀ ਸਜਣ ਏਸ ਪੁਸਤਕ ਨੂੰ ਆਪਣੇ ਇਲਾਕੇ ਦੇ ਸਕੂਲਾਂ ਪਾਠਸ਼ਾਲਾਂ ਤੇ ਹੋਰ ਸਥਾਨਾਂ ਤੇ ਘਰ ੨ ਵਿਚ ਪ੍ਰਚਾਰ ਪਾਕੇ, ਸਾਡਾ ਹੌਸਲਾ ਵਧਾ ਕੇ ਕੌਮੀ ਜੀਵਨ ਨੂੰ ਉਚੇਰਾ ਕਰਦੇ ੨ ਆਪਣੀ ਮਨੁਖਾ ਦੇਹੀ ਨੂੰ ਪਵਿਤ੍ਰ ਏਸ ਕੌਮ ਵਰਾਸ ਲਈ ਸੁਖਦਾਈ ਰਖਦੇ ਹੋਏ ਧੰਨਵਾਦੀ ਬਨਾਉਂਣਗੇ.

ਆਪਦਾ ਦਾਸ

ਖਾਲਸਾ ਏਜੰਸੀ, ਅਨਾਰਕਲੀ,<br>ਲਾਹੌਰ.<br>੪ ਅਸੂ ਸੰਮਤ ੪੪੪ ਨਾਃ ਸ਼ਾਃ

**ਅਮਰ ਸਿੰਘ,**

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

# ਚਮਕਦਾ ਹੀਰਾ

Camakda hira

By

ਯਾਂ

Amar Singh

# ਜੀਵਨਬ੍ਰਿਤਾਂਤਸ੍ਰਦਾਰਹਰੀਸਿੰਘ

# ਨਲੂਆ

1913

## (੧) ਜਨਮ ਤੇ ਬਾਲ ਅਵਸਥਾ

—ਜਦ ਸਿੱਖਾਂਦੀਫੌਜ ਚੁੱਕੀਕਰਰਹੀ ਸੀ ਤਾਂ ਸੁਕ੍ਰ ਚੱਕੀਆਂ ਨਾਮੇ ਮਿਸਲ ਦੇ ਕੁਮੈਦਾਨ,ਸਰਦਾਰ ਗੁਰਦਿਆਲ ਸਿੰਘਜੀਦੇ ਘਰ ਇੱਕ ਪੂਰਨ ਜੋਧੇ,ਅਪੂਰਵਨੌਨਿਹਾਲਨੇ ਸੰਮਤ ੧੮੪੮

ਬਿ:,ਸੰਨ ੧੭੯੧ ਈ: ਸੁਭਸਿਮਤ ਫਰੰਦੇ ਸ੍ਰੀ ਗੁਰੂ ਨਾਨਕ ਜੀ ਵਿੱਚ ਸ੍ਰਿਸ਼ਟੀ ਦੇ ਪਾਪਾਂ ਦਾ ਭਾਰ ਹੌਲਾ ਕਰਨ ਵਾਸਤੇ ਜਨਮ ਧਾਰਿਆ। ਏਹ ਮਹਾਂਸੂਰਬੀਰ ਪਰੋਪਕਾਰੀ ਅਪਣੇ ਘਰ ਵਿੱਚ ਇੱਕਲਾ ਹੀ ਸ਼ੇਰ ਦਾ ਪੁਤ੍ਰ ਸੀ, ਇੱਕ ਕਵੀਸ਼ਰ ਨੇ ਇਸ ਤਰ੍ਹਾਂ ਕਿਹਾ ਹੈ। ਕਬਿੱਤ ॥ ਬਹਾਦੁਰ ਮਹਾਰਾਜ ਪੰਥਖਾਲਸਾ ਕੇ ਤਾਜ ਰਣਜੀਤ ਸਿੰਘ ਮਹਾਰਾਜ ਸਮੇਂ ਏਕ ਸਰਦਾਰ ਜੀ।ਗੁਰ-ਦਿਆਲ ਸਿੰਘ ਨਾਮ ਵਾਲ ਗੁਜਰਾਂ ਮੈ ਧਾਮ ਉਪਲ ਖੱਤ੍ਰੀ ਥੀ ਜ਼ਾਤ, ਧਰੇ ਚਰਨਨ ਗੁਰ ਪਿਆਰ ਜੀ। ਸੰਨ ਸਤਾਰਾਂ ਸੌ ਇਕਾਨਵੇ ਸਦਾ ਧਾਮ ਸੁਖ ਭਾਨਵੇ ਭਇਆ ਪ੍ਰਗਟ ਸੁਭ ਘਾਸੀ ਸੂਰਬੀਰ ਧਰਮਧਾਰ ਜੀ। ਅਸਚਰਜ ਬਨੀ ਸੋਭਿ ਕਾਹੂ ਕੇ ਨ ਰਹੀ ਖਛਿਤ੍ਰਿ ਪਰਿਓ ਸਤ੍ਰੂਅਨ ਪੈ ਰੋਬ ਰੌਰਖ ਬ੍ਰਿਓ ਸਰਬ ਧਾਰ ਜੀ ॥ ੧ ॥ ਸਿੰਘ ਗੁਰਦਿਆਲ ਵੈਛੇਹੀਤਾ ਮੌਜ਼ੀ ਲਾਲ ਪੁਨ ਕਰੇ ਪ੍ਰੇਮ ਨਾਲ ਜਾਮੇ ਵਿੱਚ ਨ ਸਮਾਂਵਦਾ। ਖੁਲੇ ਦਰਬਾਰ*ਪਾਠ ਹੋਨ ਬੇਸ਼ੁਮਾਰ ਹੋਵਨਸਬਦਗੁਰਬਾਰ ਸਿਦਾ ਅੰਤ ਨਹੀਂ ਆਂਵਦਾ। ਸ਼ਹਿਰ ਦੀ ਲੁਕਾਈ ਆਨ ਦੇਂਵਦੀ ਵਧਾਈ ਗੁਰਦਿਆਲਸਿੰਘ ਖੁਸ਼ੀ ਧਨ ਬਹੁਤ ਹੀ ਲੁਟਾਂਵਦਾ।ਸੀਤਾਰਾਮ ਖੂਹੇ ਤਾਲ ਬੌਲੀਆਂ ਧਰਮਸਾਲਹੋਰ ਕਈ ਲੰਗ ਨਾਮ ਵਾਹਿਗੁਰੂ ਕਰਾਂਵਦਾ ॥

ਸਰਦਾਰ ਜੀ ਦੀ ਮਾਤਾ ਸਰਦਾਰਨੀ ਧਰਮ ਕੌਰਜੀ ਨੇ

---

*ਇਸ ਉਪਰਲੀ ਪੁਰਾਤਨ ਕਵਿਤਾ ਤੋਂ ਸਿੱਧ ਹੈ ਕਿ ਖਾਲਸਾ ਜੋ ਸਦੀਵਹੀ ਇੱਕ ਅਕਾਲ ਪੁਰਖਦੀ ਓਟ ਲੈਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾਗੁਰੂ ਮੰਨਦਾਤੇਉਸੇ ਅਨੁਸਾਰ ਹੀ ਸਬ ਕਰਮ ਧਰਮ ਦੇ ਕਾਰਜ ਕਰਦਾ ਰਿਹਾ ਹੈ ॥

ਬੜੀ ਪ੍ਰੀਤ ਨਾਲ ਪੁੱਤ੍ਰ ਨੂੰ ਪਾਲਿਆ, ਧੰਨ੍ਹ ਹੈ ਉਸ ਮਾਤਾ ਦਾ ਜਿਸਦੀ ਕੁਖ ਵਿੱਚੋਂ ਐਸਾ ਬਲਕਾਰੀ, ਸੁੰਦਰ ਪਰੋਪਕਾਰੀ, ਸੂਰਬੀਰ ਦੇਸ਼ ਰੱਖਕ ਬਾਲਕ ਜਨਮਿਆ, ਸੱਚ ਹੈ ਵਾਕ:- "ਜਨਨੀ ਜਨੇ ਤਾਂ ਭਗਤ ਜਨ ਕੈ ਦਾਤਾ ਕੈ ਸੂਰ। ਨਾਹਿ ਤ ਜਨਨੀ ਬਾਂਝ ਰਹੁ ਕਾਹੇ ਗਵਾਵਹਿ ਨੂਰ" ਏਹ ਹੋਨਹਾਰ ਬਾਲਕ ਅਜੇ ਸੱਤਾਂ ਬਰਸਾਂ ਦਾ ਹੀ ਸੀ ਜੋ ਏਨ੍ਹਾਂ ਦੇ ਪਿਤਾ ਦਾ ਚਲਾਣਾ ਹੋ ਗਿਆ॥

ਭਾਵੇਂ ਏਹ ਸਦਮਾ ਬੜਾ ਸਖ਼ਤ ਦੁਖ ਦਾਈ ਸੀ ਪਰ ਤਦ ਭੀ ਸਰਦਾਰ ਜੀ ਦੀ ਮਾਤਾ ਨੇ ਭਾਣੇ ਨੂੰ ਮੰਨ ਕੇ, ਯਥਾ ਗੁਰਵਾਕ "ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ। ਇਹੁ ਮਾਰਗਿ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ" ਅਕਾਲ ਪੁਰਖ ਦੀ ਰਜ਼ਾ ਤੇ ਸ਼ੁਕਰ ਰੱਖਿਆ ਅਤੇ ਵੱਡੇ ਸਰਦਾਰ ਜੀ ਦੇ ਹਥ ਉਠਾਣ ਤੋਂ ਭੀ ਇਸ ਹੋਨਹਾਰ ਬੂਟੇ ਨੂੰ ਚੰਗੀ ਤਰ੍ਹਾਂ ਪ੍ਰੀਤੀ ਤੇ ਸਿਖ੍ਯਾ ਦੇ ਜਲ ਨਾਲ ਸਿੰਜਿਆ ਹੈ ਇਸਦੀ ਖਬਰ ਗੀਰੀ ਤੋਂ ਅਵੇਸਲੇ ਨਹੀਂ ਹੋਏ, ਪਰ ਸਿਰ ਤੇ ਆਦਮੀ ਦਾ ਹੱਥ ਨਾ ਹੋਨ ਕਰਕੇ ਸ਼ਤ੍ਰੂ ਘਰ ਦੇ ਮਾਲ ਅਸਬਾਬ ਨੂੰ ਹੱਥ ਮਾਰਨ ਲੱਗ ਪਏ॥ ਕਵਿਤ ਦਸਵੇਂ ਬਰਸ ਵਿੱਚ ਪਾਹੁਲ ਲੀਤੀ ਖੰਡੇ ਵਾਲੀ ਛਕਿਆ ਅੰਮ੍ਰਿਤ ਖੁਸ਼ੀ ਹੋਂਵਦੀ ਲੁਕਾਸੀ ਸੀ। ਯਾਰਵੇਂ ਬਰਸ ਸਵਾਰੀ ਘੁੜ ਕਰਨ ਲੱਗਾ ਸ਼ੇਰ ਵਾਂਗੂ ਗੱਜੇ ਵਿੱਚ ਕੁਵੱਤ ਇਲਾਹੀ ਸੀ। ਬਾਰਵੇਂ ਬਰਸ ਰੀਤ ਫੜੀ ਸਰਦਾਰਾਂ ਵਾਲੀ ਤੇਰਵੇਂ ਬਰਸ ਬਾਣੀ ਸਭ ਚਿਤ ਆਈ ਸੀ॥ ਚੌਧਵੇਂ ਬਰਸ ਹਿੱਤ ਕਰੇ ਖੰਡਾ ਫੇਰਨੇ ਨੂੰ ਸ਼ੀਆਂਵਾਮਾ ਰਚੀ ਜੋ ਨਸੀਬਾਂ ਵਾਲੀ ਦਾਈ ਸੀ॥

# (੨) ਸਰਦਾਰ ਜੀਦਾ ਸ਼ੇਰ ਦਾ ਮਾਰਨਾ ਤੇ ਬਾਘਮਾਰ ਨਾਮ ਮਸ਼ਹੂਰ ਹੋਨਾ

ਜਦ ਸਰਦਾਰ ਜੀ ਪੰਦ੍ਰਵੇਂ ਬਰਸ ਵਿੱਚ ਆਏ ਤਾਂ ਇੱਕ ਦਿਨ ਬਾਰ ਵਿੱਚ ਸ਼ਿਕਾਰ ਕਰਦੇ ੨ ਇੱਕ ਹਰਨ ਪਿਛੇ ਲੱਗਕੇ ਆਪਣੇ ਜੱਥੇਤੋਂ ਬਹੁਤ ਅੱਗੇ ਨਿਕਲ ਗਏਤਾਂ ਅਚਨ ਚੇਤ ਇੱਕ ਵੱਡਾ ਭਾਰਾ ਬਾਘ ਜੋ ਬੜਾ ਭੁੱਖਾ ਸੀ, ਅੱਖ ਦੇ ਫੋਰ ਵਿੱਚ ਝਪਾਟ ਮਾਰਨ ਵਾਸਤੇ ਜ਼ੋਰ ਨਾਲ ਉਛਲਿਆ, ਇਸਨੂੰ ਆਂਵਦੇ ਦੇਖਕੇ ਸਰਦਾਰਜੀ ਨੇ ਖੱਬੇ ਹੱਥ ਦੀ ਢਾਲ ਤੇ ਉਸਦੇ ਪੰਜੇ ਨੂੰ ਸਹਾਰਿਆ ਤੇ ਸੱਜੇ ਹੱਥ ਨਾਲ ਕਟਾਰ ਮਾਰਕੇ ਉਸਦਾ ਪੇਟ ਵਿੰਨ੍ਹਦਿੱਤਾ ( ਏਨੇਚਿਰ ਨੂੰ ਪਿਛਲਾ ਜੱਥਾ ਭੀ ਆ ਮਿਲਿਆ ਤੇ ਕਈਸਹਾਇਤਾਵਾਸਤੇ ਤਾਂਘੇਪਰ ਸਰਦਾਰ ਜੀ ਨੇ ਸਭ ਨੂੰ ਹਟ ਜਾਨ ਵਾਸਤੇ ਹੁਕਮ ਦੇ ਦਿੱਤਾ ) ਏਹ ਬਾਘਭੀਬੜਾ ਬਲਵਾਨਸੀ ਉਸਨੇ ਬਹੁਤੇਰਾ ਜ਼ੋਰਆਪਨੇ ਪੰਜੇ ਦਾ ਲਾਇਆ ਜੋ ਸਰਦਾਰ ਜੀਨੂੰਦੱਬਾ ਲਵੇ, ਪਰ ਕੁਝਪੇਸ਼ ਨ ਗਈ, ਏਨੇਚਿਰ ਨੂੰ ਦੂਸਰੀ ਵਾਰੀ ਇੱਕ ਪੰਦ੍ਰਾਂਸਾਲ ਦੇ ਸਰਦਾਰ ਨੇ ਸ੍ਰੀ ਸਾਹਿਬ ਵਗਾਈ ਤੇ ਬਾਘ ਨੂੰ ਜ਼ਮੀਨ ਤੇ ਸਦਾ ਦੇ ਵਾਸਤੇ ਲਿਟਾਦਿਤਾ* ਅਤੇ ਨੌਕਰਾਂ ਨੂੰ ਇਸਦੀ ਖੱਲ ਸਿਰ ਸਮੇਤ ਉਤਾਰਨ ਵਾਸਤੇ ਹੁਕਮ ਦਿੱਤਾ ( ਕਹਿੰਦੇ ਹਨ ਕਿ ਇੱਕ ਮੁਸੱਵਰ ਮੁਸਾਫਰ ਭੀ

---

*ਸਖੀ ਸਰਵਰ ਦੇ ਚੇਲਿਓ! ਕੀਹ ਏਹ ਪੰਦ੍ਰਾਂ ਸਾਲਦਾ ਬਾਂਕਾ ਗਭਰੂ ਸਾਹਮਣੇ ਜੁੱਧ ਕਰਕੇ ਸ਼ੇਰ ਮਾਰਨ ਵਾਲਾ ਸਿੰਘ ਉਸਤੋਂ ਘੱਟ ਮਾਨਨੀਯ ਹੈ? ਕਿ ਜਿਸ ਤੋਂ ਡਰਦੇ ੨ ਬ੍ਰਿਛ ਤੇ ਚੜ੍ਹਿਆ ਬਰ ੨ ਕੰਬਦਿਆਂ ਦਾਤ੍ਰੀ ਹਥੋਂ ਛੁਟ ਗਈ ਤੇ ਸ਼ੇਰ ਦੇ ਮੂੰਹ ਵਿੱਚ ਅਚਨ ਚੇਤ ਲਗਨ ਨਾਲ ਸ਼ੇਰ ਮਰਗਿਆ,

ਉਸਜ਼ੱਬੇ ਨਾਲ ਆਇਹਾਸੀ ਜਿਸਨੇ ਕਿ ਸਰਦਾਰ ਜੀ ਦੀ ਤੇ ਉਸ ਬਾਘਦੇ ਘੋਲ ਦੀਤਸਵੀਰਭੀ ਉਤਾਰਲਈ ) ਇਸ ਅਦੁਤੀ ਬਹਾਦਰੀਕਰਕੇਸਰਦਾਰਜੀਦਾਨਾਮਬਾਘਮਾਰ ਪੈਗਿਆਕਬਿਤ ॥ ਪੰਦ੍ਰਵੇਂ ਬਰਸ ਖੂਬ ਪਹਿਨਕੇ ਹਥਿਆਰ ਯਾਰੋ ਪੈਦਲ ਘੋਲ ਕਰ ਸ਼ੇਰਬਾਘਸੁਟ ਮਾਰਦਾ।ਸੁੰਦ੍ਰ ਸਰੂਪ ਤੇਜ ਕੋਈ ਨ ਸੰਭਾਲ ਸਕੇ ਮੁਖੜਾ ਦੀਦਾਰੀ ਜਿਵੇਂ ਲਾਲ ਦਮਕਾਰਦਾ। ਬਾਲਪਣ ਦੀ ਸੋਭਾ ਸ੍ਰੁਣ ਸੁਣ ਸੂਰਮੇ ਦੇ ਛੋਡਦਿੱਤਾ ਸਤ੍ਰੂਆਂਨੇ ਅੰਨ ਪਾਣੀ ਪਿਆਰ ਦਾ। ਸੀਤਾਰਾਮ ਨਾਮ ਧਾਮ ਸੋਲਵੇ ਬਰਸ ਹੋਗਿਆ ਮਸ਼ਹੂਰ ਹਰੀ ਸਿੰਘ ਸਰਦਾਰ ਦਾ। ਐਸਾ ਬਲਵਾਨ ਸੋਹਣਾ ਸੂਰਮਾ ਜੁਵਾਨ ਕਿਤੇ ਹੋਵਨਾ ਨ ਪੈਦਾ ਸੁਖੇ ਸੁਖਣਾਂ ਜੋ ਡਾਰੀਆਂ। ਕਹੇ ਕਰਾਂ ਕਿਤੇ ਜੰਗ ਅੰਗ ਅੰਗ ਪਿਆ ਲੋੜਦਾ ਹੈ ਥੰਮਿਆ ਨ ਰਹੇ ਸ਼ੇਰ ਮਾਰਦਾ ਉਡਾਰੀਆਂ। ਇੱਕ ਦਿਲ ਕਰੇਮਹਾਰਾਜ ਰਣਜੀਤਸਿੰਘ ਪਾਸ ਕਰਾਂ ਫੌਜਹੁਕਮ ਦਲੀਲਾਂ ਏਹੋ ਧਾਰੀਆਂ। ਸੀਤਾਰਾਮ ਐਤਵਾਰ ਪੰਚਮੀ ਬਸੰਤ ਦੀ ਤੇ ਪਾਇ ਹਥਿਆਰ ਖੂਬ ਕਰਦਾ ਤਿਆਰੀਆਂ.

## ੩. ਮਹਾਰਾਜਾਰਣਜੀਤਸਿੰਘਜੀਦੇਨਾਲਭੇਟ

ਸੋਲਾਂ ਬਰਸਾਂਦੀ ਉਮਰ ਵਿੱਚ ਸਰਦਾਰ ਹਰੀ ਸਿੰਘ ਜੀਦੇ ਅਪੂਰਵ ਅੰਗਾਂ ਨੇ ਜੁਵਾਨੀ ਦੀ ਝਲਕ ਦਿੱਤੀ ਤੇ ਸ਼ਿਕਾਰ ਆਦਿਕ ਵਿੱਚ ਦੋ ਤਿੰਨ ਸ਼ੇਰ ਤੇ ਚਿਤ੍ਰੇ ਭੀ ਮਾਰੇ ਜਿਸ ਕਰਕੇ ਬੜੀ ਮਸ਼ਹੂਰੀ ਹੋ ਗਈ, ਸੋ ਇੱਕ ਦਿਨ ਬਸੰਤ ਦੀ ਸੁਹਾਵਣੀ ਰੁਤ ਵਿੱਚ ਗੁਜਰਾਂ ਵਾਲਿਓਂ ਲਹੌਰ ਨੂੰ ਚਲਾ ਆਇਆ ॥ ਕਬਿਤ ॥ ਬੇਲੇ ਵਿੱਚੋਂ ਭੁਖਾ ਸ਼ੇਰ ਕੁਦਕੇ ਜਿਉਂ ਬਾਹਰ ਆਵੇ ਫੁਰਤੀ ਇਵੇਂ ਕਰ ਝਟ ਆਂਵਦਾ ਲਹੌਰ ਜੀ,

ਸੁੰਦਰ ਸਜੀਲ ਜਦੋਂ ਵੜਿਆ ਬਾਜ਼ਾਰ ਅੰਦਰ ਦੇਖਕੇ ਰਸ਼ੌਤ ਉੱਡੇ ਦੁਨੀਆਂ ਦੇ ਭੌਰ ਜੀ, ਕੋਈ ਕਹੇ ਰੱਬ ਜਾਣੇ ਹੋਯਾ ਏਹ ਜੁਵਾਨ ਕਿੱਥੋਂ ਕੋਈ ਕਹੇ ਹੈਗਾ ਕਿਸੇ ਬਾਦਸ਼ਾਹ ਦਾ ਕੌਰ ਜੀ, ਸੀਤਾ ਰਾਮ ਹੁੰਦੀ ਸਿਫਤ ਸਾਰੇ ਸ਼ਹਿਰ ਵਿੱਚ ਟੁਟ ਜਾਂਦੇ ਮਾਨ ਦੇਖ ਸੂਰਮੇ ਦਾ ਤੌਰ ਜੀ, ਸ਼ੀਸ ਨਾਇ ਗੁਰ ਦੁਆਰ ਮਨ ਚਿੱਤ ਚੌਂਪ ਧਾਰ ਹਰੀ ਸਿੰਘ ਸਰਦਾਰ ਗਿਆ ਰਾਜ ਦਰਬਾਰ ਜੀ। ਕਰੇ ਜਹਿਮਾਂ ਜਹਿਮ ਅਗੇ ਸਭਾ ਸਰਕਾਰ ਦੀ ਦੀ ਵਜਦੇ ਮ੍ਰਿਦੰਗ ਰਾਗੀ ਸ਼ਬਦ ਉਚਾਰਦੇ, ਜਾਇ ਖੜਾ ਤਦ ਵਿੱਚ ਸਭਾ ਦੇ ਜਵਾਨ ਮਿਹਰ ਸਿੰਘ ਦਿਸ ਆਵੇ ਵਿੱਚ ਬਘੇਲੇ ਕਤਾਰ ਦੇ। ਸੀਤਾਰਾਮਾ ਬੁਲਾਈ ਫਤਹ ਵਾਹਿਗੁਰੂ ਕੀ ਗੱਜਕੇ ਤੇ ਉੱਠ ਖੜੇ ਕਈ ਤਦ ਮਨ ਮੇ ਵਿਚਾਰਦੇ॥ ਕਬਿਤ ਕਈ ਅਗੋਂ ਤਾਂਘੀਜਦੇ ਅੱਗੋ ਹੀ ਸਿਆਣ ਹੁੰਦੀ ਦੇਖਕੇ ਸ਼ਕਲ ਕਈ ਹੋਂਵਦੇ ਹੈਰਾਨ ਜੀ। ਕਈ ਕਹਿਨ ਯਾਰੋ ਫਿਰੇ ਦੇਸ ਪਰਦੇਸ ਅਸੀ ਦੇਖਿਆ ਨ ਸੁਣਿਆ ਐਸਾ ਸੁੰਦਰ ਜੁਵਾਨ ਜੀ। ਮੁਖੜਾ ਦੀਦਾਰੀ ਲਗੇ ਬੜਾ ਹਿਤਕਾਰੀ ਦਿਸੇ ਪਰੋਪਕਾਰੀ ਬੋਲ ਕੋਇਲ ਸਮਾਨ ਜੀ। ਸੀਤਾਰਾਮਾ ਸੋਭ ਸਭ ਕਰਨ ਦਰਬਾਰ ਵਿੱਚ ਇਤਨੇ ਕੋ ਪਿਆ ਸਰਕਾਰ ਦਾ ਧਿਆਨ ਜੀ। ਕਬਿੱਤ॥ ਪੁਛਾ ਸਰਕਾਰ ਦੱਸ ਖਾਲਸਾ ਕੀ ਨਾਮ ਤੇਰਾ ਆਇਆ ਹੈਂ ਤੂੰ ਕਿੱਥੋਂ ਕੀਤੀ ਕਿੱਧਰ ਚੜ੍ਹਾਈ ਹੈ? ਕੇੜ੍ਹਾ ਹ[illegible] ਗ੍ਰਾਮ ਸੁਤ ਕੌਹਤੇ ਸਰਦਾਰ ਦਾ ਤੂੰ ਆਵਦਿਆਂ ਹੀ ਸਾਰ ਚਿੱਤ ਸਭਦਾ ਚੁਰਾਈ ਹੈ? ਬੋਲਾ ਹਰੀ ਸਿੰਘ ਗੁਰਦਿਆਲ ਸਿੰਘ ਬਾਪ ਮੇਰਾ ਗੁਜਰਾਂਵਾਲੇ ਵਿੱਚ ਦੂਜੀ ਪੀਹੜੀ ਵਿਆਈ ਹੈ। ਸੀਤਾਰਾਮ ਆਪਦੇ ਮਿ[illegible] ਸੋ ਆਗਿਆਕਾਰੀ ਹਰੀਸਿੰਘ ਨਾਮ ਮੇਰਾ ਆਪਦੀ [illegible]

ਸਰਦਾਰ ਹਰੀਸਿੰਘ ਜੀ ਦੇ ਬਾਘ ਮਾਰਨੇ, ਤੇ ਸ਼ਿਕਾਰ ਕਰਨੇ, ਸਵਾਰੀ, ਨੇਜ਼ੇਬਾਜ਼ੀ, ਆਦਿਕ ਗੁਣ ਤਾਂ ਅੱਗੇ ਹੀ ਬਹੁਤ ਮਸ਼ਹੂਰ ਹੋ ਚੁਕੇ ਸਨ, ਅਤੇ ਵਾਧੇ ਦੀ ਬਾਤ ਹੋਰ ਇਹ ਸੀ ਕਿ ਸਰਦਾਰ ਹਰੀਸਿੰਘ ਇੱਕ ਖਾਸ ਖਾਨਦਾਨ ਦਾ ਕੁਲ-ਦੀਪਕ ਸੀ ਕਿ ਜਿਸਦੇ ਪਿਤਾ ਸਰਦਾਰ ਗੁਰਦਿਆਲ ਸਿੰਘ ਜੀਨੇ ਮਹਾਰਾਜਰਣਜੀਤ ਸਿੰਘਜੀਦੇਪਿਤਾ ਸਰਦਾਰਮਹਾਂਸਿੰਘ ਨਾਲ ਬਹੁਤ ਮਾਰੱਕੇ ਲੜਾਈਆਂ ਵਿਚ ਸਾਥ ਦਿੱਤਾ ਸੀ, ਅਤੇ ਇਸਦੇਬਾਬੇਸ੍ਰਦਾਰਹਰਦਾਸਸਿੰਘਜੀਨੇਸਰਦਾਰ ਚੜ੍ਹਤਸਿੰਘ ਜੀ ਦੇਨਾਲ ਇੱਕਲੜਾਈ ਵਿਚਸ਼ਹੀਦੀਪਾਈਸੀ,ਏਨ੍ਹਾਂ ਪਿਛਲੀਆਂ ਸੇਵਾ ਨੂੰ ਯਾਦ ਕਰਕੇ ਅਤੇ ਸਰਦਾਰ ਹਰੀਸਿੰਘ ਦੇ ਗੁਣਾਂ ਨੂੰ ਜਾਚਕੇ ਸਰਕਾਰ ਨੇ ਉਸੇ ਵੇਲੇ ਸਰਦਾਰ ਜੀਨੂੰ ਇੱਕ ਫੌਜਦਾ ਅਫਸਰ ਬਨਾ ਦਿੱਤਾ ॥

ਹੁਣ ਸਰਦਾਰਜੀਨੇ ਮਹਾਰਾਜਜੀਨੂੰ ਆਪਣੇ ਕਰਤੱਬ ਖੂਬ ਦੱਸਣੇ ਸ਼ੁਰੂ ਕੀਤੇ ਜੈਸਾ ਕਿ ਨੇਜ਼ਾਬਾਜ਼ੀ, ਨਿੰਬੂਕਟਾਈ, ਗਤਕੇ ਦੀ ਖੇਲ, ਤੀਰ ਤੋਪ ਤੇ ਬੰਦੂਕ ਦੇ ਨਿਸ਼ਾਨੇ ਮਾਰਨੇ ਆਦਿਕ ਸਭ ਕਰਤੱਬ ਦੱਸੇ, ਤੇ ਸ਼ਿਕਾਰ ਵਿੱਚ ਕਈ ਇਕ ਸ਼ੇਰ ਚਿਤ੍ਰੇ ਭੀ ਮਾਰੇ, ਮਹਾਰਾਜ ਏਹ ਸਭ ਬਾਤਾਂ ਚੰਗੀ ਤਰ੍ਹਾਂ ਅੱਖੀਂ ਦੇਖ ਕੇ ਬੜੇ ਪ੍ਰਸੰਨ ਹੋਏ ਤੇ ਏਨ੍ਹਾਂ ਨੂੰ ਹਰ ਵੇਲੇ ਆਪਣੇ ਨਾਲ ਰੱਖਣ ਲੱਗ ਪਏ ਤੇ ਬੜਾ ਪਿਆਰ ਕਰਦੇ ॥ ਕਬਿੱਤ ॥ ਸਭ ਸਰਦਾਰ ਹੁਦੇਦਾਰ ਹਰੀਸਿੰਘ ਦੀਆਂ ਕਰਦੇ ਤਾਰੀਫਾਂ ਏਹ ਦੀ ਚਤੁਰ ਨਿਆਰੀ ਹੈ। ਦੇਖੇ ਯਾਰੋ ਨੈਨ ਇਸਦੇ ਰੌਸ਼ਨ ਮਿਸਾਲ ਚਾਂਦ੍ਹੋ ਝੱਲਿਆ ਨਾ ਜਾਏ ਤੇਜ ਕੇਹਾ ਬਲਕਾਰੀ ਹੈ। ਆਂਵਦਾ ਹੈ ਚਰ ਖੜਾ ਦਿਸਦਾ ਪਹਾੜ ਵਾਂਗੂ ਚਲਾ ਜਾਊ ਜਿਥੇਂ ਇਕੱਲਾ ਮੈਂਵ ਲੈ ਤੇ ਭਾਰੀ ਹੈ। ਜੇਤਾ ਰਾਖਾ ਹੁੰਦੀ ਐਸੀ ਸੈਨਾ ਦਰਬਾਰ

ਵਿੱਚ ਅੱਗੇ ਸੁਣੋ ਕਿਦਾਂ ਹੁੰਦੀ ਜੰਗ ਨੂੰ ਤਿਆਰੀ ਹੈ ? ੧੧ ॥

ਇਸ ਥੋੜੇ ਸਮੇਂ ਵਿੱਚ ਸਰਦਾਰ ਜੋਨੇ ਆਪਣੇ ਗੁਣਾਂਨਾਲ ਮਹਾਰਾਜੇ ਨੂੰ ਖੂਬ ਰਿਝਾਯਾ, ਪਰ ਇਸਦੀ ਚੜ੍ਹਦੀ ਕਲਾ ਦੇਖ ਕੇ ਰਾਜਾ ਧਿਆਨ ਸਿੰਘ ਘਬਰਾਇਆ ਨ ਜਰ ਸੱਕਿਆ ਅਤੇ ਸਦਾ ਹੀ ਏਨ੍ਹਾਂ ਦਾ ਵਿਰੋਧੀ ਰਿਹਾ.

## (੪) ਕੁਤਬਦੀਨ ਕਸੂਰੀਏ ਨੂੰ ਮਾਰਨਾ।

ਥੋੜੇ ਹੀ ਦਿਨਾਂ ਪਿੱਛੋਂ ਕਸੂਰ ਦੇ ਸੂਬੇ ਕੁਤਬਦੀਨ ਨੇ ਮੁਲਤਾਨ ਦੇ ਸੂਬੇ ਮੁਜਫਰਖਾਂ ਨਾਲ ਸਲਾਹ ਕਰਕੇ ਬੜੀ ਜਹਾਦੀ* ਲੜਾਈ ਕਰਨ ਦਾ ਪ੍ਰਬੰਧ ਕੀਤਾ, ਜਿਸਦੀ ਖਬਰ ਲਾਹੌਰ ਦਰਬਾਰ ਵਿੱਚ ਪਹੁੰਚੀ ॥ ਕਬਿੱਤ ॥ ਇੱਕ ਸੀ ਕਸੂਰ ਵਿੱਚ ਵਸਦਾ ਕੁਤਬਦੀਨ ਬੜਾ ਸੀ ਇਨਾਮੀ ਫੂਕਾਂ ਸੱਪ ਵਾਂਗੂ ਮਾਰੇ ਜੀ। ਕਰਕੇ ਗੁਮਾਨ ਇੱਕ ਰੋਜ਼ ਓਹ ਸ਼ੈਤਾਨ ਚਿੱਠੀ ਭੇਜੇ ਮੁਲਤਾਨ ਸੂਬੇਖਾਨ ਕੋ ਵੰਗਾਰੇ ਜੀ। ਮਿਲ ਦੋਵੇਂ ਭਾਈ ਕਰੀਏ ਸਿੰਘਾਂ ਤੇ ਚੜ੍ਹਾਈ ਜੋਉਂਦਾ ਛੱਡੀਏ ਨ ਕਾਈ ਅਸੀ ਨਹੀਂ ਹਾਂ ਨਿਕਾਰੇ ਜੀ। ਸੀਤਾਰਾਮਾ ਆਉਣ ਦੋਵੇਂ ਮਤਾ ਏਹ ਪਕਾਉਣ ਮੱਥਾ ਖਾਲਸੇ ਨਾਲ ਲਾਉਣ 'ਹੋਨੀ' ਪਈ ਲਲਕਾਰੇ ਜੀ ॥ ੧੨ ॥ ਏਧਰ ਲਾਹੌਰ ਵਿੱਚ ਕੁਲ ਸਰਦਾਰ ਸਹਿਤ ਬੈਠੀ ਸਰਕਾਰ ਬੜੇ ਆਨੰਦ ਮਹਾਨ ਮੈਂ। ਉਸ ਵੇਲੇ ਜਾਇ ਕਿਸੇ ਖਾਲਸੇ ਖਬਰ ਦਿੱਤੀ ਸੁਣੋ ਮਹਾਰਾਜ ਮੇਰੀ ਬਾਤ ਥਰ ਧਿਆਨ ਦੇ। ਆਪ ਨਾਲ ਕਰਨੀ ਲੜਾਈ ਆਨ ਦੋਹਾਂ ਧਿਰਾਂ ਕੁਤਬ ਦੀਨ ਕਸੂਰੀਏ ਤੇ ਸੂਬੇ ਮੁਲਤਾਨਦੇ। ਸੀਤਾਰਾਮਾ ਆਪਣੀਆਂ

---

*ਜਹਾਦੀ—ਮੁਸਲਮਾਨ ਲੋਗ ਜੋ ਦੀਨ ਮੁਹੰਮਦੀ ਦੀ ਖਾਤਰ ਲੋਕਾਂ ਨਾਲ ਲੜਦੇ ਹਨ.

ਫੌਜਾਂ ਨੂੰ ਤਿਆਰ ਰੱਖੇ ਹੋਈ ਮਸ਼ਹੂਰ ਬਾਤ ਘਰ ੨ ਵਖਾਣਦੇ ॥ ੧੩ ॥ ਸੁਣਦੇ ਹੀ ਸਾਰ ਬੀਰ ਰਸ ਜੋਸ਼ ਮਾਰ ਆਇਆ ਰਸੂ ਜਾਂਦਾ ਵੱਟ ਵੱਟ ਉੱਠੇ ਗੁੱਸਾ ਖਾਇ ਕੇ । ਪਕੂ ਸਤਿਨਾਮੁ ਬੀੜਾ ਰਖਿਆ ਦੀਵਾਨ ਵਿਚ ਦਿੱਤਾ ਹੁਕਮ ਚੁਕੇ ਕੋਈ ਸੂਰਾ ਇਸੇ ਆਇਕੇ। ਲਾਦੀਨਦੇਰ ਹੁੰਨੇ ਚੜਨਾ ਕਸੂਰ ਉੱਤੇ ਮਾਰ ਮਾਰ ਟੋਟੇ ਸੂਰ ਕਰਨੇ ਬਨਾਇਕੇ । ਸੀਤਾ ਰਾਮਾ ਕੀਤਾ ਅਭਿਮਾਨ ਜੋ ਕੁਤਬਦੀਨ ਤੋੜ ਦੇਵੇ ਮਾਨ ਕੈਦ ਕਰੇ ਝੱਟ ਜਾਇਕੇ ॥ ੧੪ ॥ ਅੱਖ ਦੇ ਫੋਰ ਉਠ ਹਰੀਸਿੰਘ ਸ਼ੇਰ ਜਾਰੇ ਚੁੱਕ ਲੈਂਦਾ ਬੀੜਾ ਭੁੱਬ ਸ਼ੇਰ ਵਾਂਗੂ ਮਾਰਕੇ। ਅਜ਼ੀ ਮਹਾ-ਰਾਜ ਮੈਂ ਜਾ ਮਾਰਾਂ ਕਸੂਰ ਤਾਈਂ ਰਿੱਤ ਰੌਂਪ ਧਾਰ ਹੱਥ ਵੇਖੋ ਤਲਵਾਰ ਦੇ। ਐਸੀ ਚਟਕਾਈ ਤੇ ਦਲੇਰੀ ਵੇਖ ਸੂਰਮੇ ਦੀ ਖੁਸ਼ੀ ਨ ਸਮਾਏ ਦਿਲ ਵਿੱਚ ਸਰਕਾਰ ਦੇ। ਸੀਤਾਰਾਮਾ ਸੱਦਕੇ ਗ੍ਰੰਥੀ ਅਰਦਾਸ ਕਰ ਚੜ੍ਹ ਪੈਂਦਾ ਖਾਲਸਾ ਕਸੂਰ ਤੇ ਵੰਗਾਰਕੇ॥ ੧੫॥ ਸਿੰਘਪਹੁੰਚਕੇਕਸੂਰਵਿੱਚਗੱਜਦੇ ਬੱਦਲ ਵਾਂਗੂ ਗੱਡਦੇਂਦੇ ਜਾਇ ਵਿੱਚ ਮੋਰਚਾ ਉਜਾੜਦੇ। ਏਨੇ ਚਿਰ ਜਾਇ ਕਿਸੇ ਕਿਹਾ ਕੁਤਬਦੀਨ ਤਾਈਂ ਆਯਾ ਸਿੰਘ ਹਰੀ ਸਰਦਾਰ ਫੌਜ ਚਾੜ੍ਹਕੇ। ਸੁਣ ਏਹ ਗੱਲ ਕੋਲੇ ਹੁੰਦਾ ਜਲ ਬਲ ਸੱਦ ਤੁਰਕਾਂ ਤੇ ਪਠਾਣਾਂ ਦੇਂਦਾ ਹੁਕਮ ਖੂਬ ਤਾੜਕੇ। ਸੀਤਾਰਾਮਾ ਹਿੰਦੂ ਕੋਈ ਜਾਵਨੇ ਨ ਪਾਏ ਏਥੋਂ ਮਾਰਕੇ ਬੰਦੂਕਾਂ ਭੁੰਨੋ ਖਿੱਲ ਵਾਂਗੂ ਰਾੜ੍ਹਕੇ ॥ ੧੬ ॥ ਸੁਣਕੇ ਬਚਨ ਲੱਗੇ ਮੁਸਲੇ ਟਪਨ ਲੰਬੂ ਅੱਗ ਦੇ ਮਰਨ ਕਰ ਦੇਂਵਦੇ ਚੜ੍ਹਾਈ ਹੈ। ਆਪੋ ਵਿੱਚ ਕਹਿਨ ਸਿੰਘਾਂ ਲੜਨਾ ਕੀਹ ਸਾਡੇ ਨਾਲ ਘੇਰ ਏਨ੍ਹਾਂ ਮੌਤ ਅੱਜ ਏਥੇ ਲਿਆਈ ਹੈ। ਮਾਰਦੇ ਗਪੌੜ ਧਾਈ ਕਰੀ ਜਾਨ ਸਭੇ ਅਗੋ ਅਲੀ ਅਲੀ ਕੂਕਦੇ ਮਚਾਂ-ਵਦੇ ਲੜਾਈ ਹੈ। ਸੀਤਾਰਾਮਾ ਦੋਵੇਂ ਦਲ ਜੁਟਦੇ ਮੈਦਾਨਵਿੱਚ

ਬਰਖਾ ਸਮਾਨ ਸਿੰਘਾਂ ਗੋਲੀ ਬਰਸਾਈ ਹੈ ॥ ੧੭ ॥ ਬਿਜਲੀ ਦੇ ਵਾਂਗੂ ਚਮਕਾਰ ਪਏ ਸ਼ਸਤ੍ਰਾਂ ਦੀ ਹੁੰਦੀ ਮਾਰੋ ਮਾਰ ਹੇਠੋਂ ਉਡਦੀ ਸੀ ਖਾਕ ਜੀ । ਹੋਈ ਧੂੰਏਧਾਰ ਅਲੀ ਅਕਾਲ ਦੀ ਪੁਕਾਰ ਪਵੇ ਪਿਆ ਕਰਬਲਾਟ ਕੌਣ ਸੁਣੇ ਕਿਸੇ ਵਾਕ ਜੀ । ਸਾਇ ਲਲਕਾਰਦਾ ਕੁਤਬਦੀਨ ਫੌਜ ਤਾਈਂ ਸ਼ਾਬਾਸ਼ੇ ਪਠਾਣੋ ਸਿੰਘ ਕਰਦੇਨੇ ਚਾਕ ਜੀ । ਸੀਤਾਰਾਮਾ ਸਿਧੇ ਚਲ ਵੜੋਲਾਹੌਰ ਵਿੱਚ ਛੱਡਣਾ ਨ ਹਿੰਦੂ ਮਦਦ ਕਰੇ ਅੱਲਾ ਪਾਕ ਜੀ ॥ ੧੮ ॥ ਸੁਣਦੇਹੀ ਸਾਰ ਹਰੀਸਿੰਘ ਸਰਦਾਰ ਧੂਹ ਲੈਂਦਾ ਤੁਲਵਾਰਧੈਂਦਾ ਮੇਘ ਵਾਂਗੂ ਗੱਜਕੇ । ਧਰ ਦੇਂਦਾ ਟੱਕ ਇੱਕ ਵੱਢਿਓ ਕ੍ਰੂਧਨਾਲ ਸਾਮਣੇ ਨ ਆਵੇ ਕੋਈ ਸੂਰਮੇਂ ਦੇ ਭੱਜਕੇ । ਗਾਜਰਾਂ ਸਮਾਨ ਵੱਢ ਸੁਟੇ ਪਠਾਨ ਸਾਰੇ ਬਿਜਲੀ ਸਮਾਨ ਖੰਡਾ ਫੇਰਿਆ ਸੀ ਰੱਜਕੇ । ਸੀਤਾਰਾਮਾ ਸੱਥਰਾਂ ਦੇ ਸੱਥਰ ਵਿਛਾਇ ਦਿੱਤੇ ਕਹਿੰਦਾ ਤੁਰਕ ਛੱਡਣਾ ਨ ਕੋਈ ਦਿਨ ਅੱਜਕੇ ॥ ੧੯ ॥ ਏਨੇ ਚਿਰ ਮਿਲਾ ਫਤੇਸਿੰਘ ਆਹਲੂਵਾਲੀਆ ਭੀ ਫੌਜ ਸੰਗ ਲਿਆਇਆ ਸਾਥ ਤਬਲ ਲਵਾਇਕੇ । ਗੋਲੀਆਂ ਦੀ ਫੇਰ ਮਾਰ ਕੱਢ ਦਿੱਤੇ ਚੌੜ ਸਿੰਘਾਂ ਨੱਸ ਛਿਪੇ ਮੁਗਲ ਸਾਰੇ ਕਿਲੇ ਵਿੱਚ ਜਾਇਕੇ । ਘੱਤ ਲਿਆ ਘੇਰਾ ਚੁਫੇਰਾ ਆਨ ਖਾਲਸੇ ਨੇ ਭੁੰਨ ਸੁਟੇ ਵਿੱਚੇ ਚੂਕਨ ਵਾਸਤਾ ਸੀ ਪਾਇਕੇ । ਸੀਤਾਰਾਮਾ ਨਾਮੇ ਮੌਲਾ ਬਖਸ਼ ਦੇਵੋ ਸਾਨ ਸਾਡੀ ਭੁੱਲੇ ਮਹਾਰਾਜ ਕਦੀ ਲੜਾਂਗੇ ਨ ਆਨਕੇ । ੨੦ ॥ ਮਾਰ ਮਾਰ ਸਿੰਘਾਂ ਰੀਸ ਤੁਰਕਾਂ ਦੇ ਲਾਹ ਦਿਤੇ ਛੱਡੀ ਜੜ੍ਹ ਮੇਖ ਨ ਕੁਤਬਦੀਨ ਤੁਰਕਦੀ । ਪੁਛੇ ਸਾਰਾ ਖਾਲਸਾ ਹਰੀ ਸਿੰਘ ਸਰਦਾਰ ਪਾਸੋਂ ਲੁਟ ਲਈਏ ਕਸੂਰ ਹੁਣ ਚਿੜੀ ਵੀ ਨ ਚੁਰਕਦੀ । ਸਾਇਕਰ ਸਿੰਘ ਵੱਡੀ ਪਾਇ ਦੇਂਦੇ ਲੁਟ ਤੇ ਧਾਧ ਦੇਂਦੇ ਪੁੱਟ ਦੇਂਹੀ ਮਚੀ ਅਕਾਲ ਪੁਰਖ ਦੀ । ਸੀਤਾਰਾਮਾ ਬੁਰੇ

ਖਾਲਸ ਹੱਥ ਜੋੜ ਕਰਨ ਪੁਕਾਰ ਦਿਸਦਾ ਸੋ ਅਗੋ ਸਾਡੀ ਖੱਬੀ ਅੱਖ ਫੁਰਕਦੀ ॥ ੨੧ ॥ ਅਠਾਰਾਂ ਸੈ ਸੱਤ ਵਿੱਚ ਮਾਰਿਆ ਕਸੂਰ ਸਿੰਘਾ ਬੰਨ੍ਹਕੇ ਪਠਾਨ ਲੈ ਲਾਹੌਰ ਵਿਚ ਆਂਵਦੇ। ਵਜਦੇ ਸੀ ਮਾਰੂ ਬਾਜੇ ਅਗੇ ਬੜੀ ਖੁਸ਼ੀ ਨਾਲ ਬੇੜਿਆਂ ਦੇ ਪਿਛੇ ਸੀ ਵਹੀਰ ਚਲੀ ਆਂਵਦੇ। ਐਸੀ ਧੂਮਧਾਮ ਨਾਲ ਪਹੁੰਚਦੇ ਲਾਹੌਰ ਵਿੱਚ ਹਥ ਜੋੜ ਫਤਹ ਆ ਸਰਕਾਰ ਨੂੰ ਬੁਲਾਂਵਦੇ। ਸੀਤਾਰਾਮ ਮਹਾਰਾਜ ਬੜੇ ਪ੍ਰਸੰਨ ਹੋਏ ਚੜ੍ਹ ਜਾਂਦੀ ਖੁਸ਼ੀ ਵਿੱਚ ਜਾਮੇ ਨ ਸਮਾਂਵਦੇ ॥ ੨੨ ॥ ਏਨੇ ਫਿਰ ਹਰੀਸਿੰਘ ਘੋੜਿਓਂ ਉਤਰ ਬੋਲ ਵਾਹਿਗੁਰੂ ਜੀ ਫਤੇ ਆ ਬੁਲਾਂਵਦਾ ਸਰਕਾਰ ਨੂੰ। ਹੱਥ ਜੋੜ ਕਹੇ ਮਹਾਰਾਜ ਕ੍ਰਿਪਾ ਆਪਦੀ ਤੇ ਮਾਰਿਆ ਕਸੂਰ ਤੇ ਮਿਟਾਯਾ ਧੁੰਧੂਕਾਰ ਨੂੰ। ਖੁਸ਼ੀ ਬੜ ਹੋਏ ਮਹਾਰਾਜ ਚਿਤ ਚੋਪਦਾਰ ਕੰਠ ਸੋ ਲਗਾਇਆ ਹਰੀ ਸਿੰਘ ਸਰਦਾਰ ਨੂੰ। ਸੀਤਾਰਾਮਾ ਲਿਖ ਦੇਂਦੇ ਕਿਤਨੀ ਜਾਗੀਰ ਤਿਸ ਅਤੇ ਸੋਨੇ ਕਲਸ ਸਾਇ ਚਾਹੜੇ ਸ੍ਰੀ ਦਰਬਾਰ ਨੂੰ ॥੨੩॥ ਬੜੀ ਖੁਸ਼ੀ ਨਾਲ ਜੰਗ ਅਰ ਪੁੰਨਦਾਨ ਬੜਾ ਕੀਆ ਅਗਲੀ ਸਵੇਰ ਦੀਵਾਨ ਵੱਡਾ ਲਾਂਵਦੇ। ਬੰਨ੍ਹਕੇ ਪਠਾਣੀਆਂ ਜੋ ਆਂਦੀਆਂ ਕਸੂਰ ਵਿਚੋਂ ਸਬਨਾਂ ਬੇਨਤੀ ਕਰੀ ਸਾਨੂੰ*ਅੰਮ੍ਰਿਤ ਛਕਾਉਂਦੇ। ਭਾਗਵੰਤੀ ਤੌਲੀ ਦੀ ਤੇ ਨੂਰੀ ਦੀ

*ਪਿਆਰੇ ਪਾਠਕ ਜੀ! ਜ਼ਰਾ ਸੋਚੋ ਕਿ ਇੱਕ ਕਵੀਸ਼ਰ ਨੇ ਮੁੱਦਤ ਹੋਈ ਤੇ ਇਨ੍ਹਾਂ ਵਾਰਤਾ ਨੂੰ ਕਥਨ ਕੀਤਾ, ਜਿਸ ਤੋਂ ਸਿੱਧ ਹੈ ਕਿ ਪੁਰਾਤਨ ਸਿੰਘ ਖੰਡੇ ਦਾ ਅੰਮ੍ਰਿਤ ਸਭ ਪ੍ਰਾਣੀ ਮਾਤ੍ਰ ਵਾਸਤੇ ਸਾਂਝਾ ਜਾਣਦੇ ਸਨ ਅਤੇ ਅਦੁਤੀ ਖਾਲਸਾ ਧਰਮ ਦੇ ਝੰਡੇ ਨੂੰ ਸਭ ਸ੍ਰਿਸ਼ਟੀ ਦੇ ਉਤੇ ਝੁਲਾਣ ਦੇ ਯਤਨ ਵਿੱਚ ਸਨ, ਅਤੇ ਧਾਰਮਿਕ ਸਚੇ ਪਵਿਤ੍ਰ ਅਸੂਲਾਂ ਅਤੇ ਬਹਾਦੁਰੀ ਵਿੱਚ

ਨਿਹਾਲ ਕੌਰ ਭੈਣੀ ਦੀ ਬਿਸਨਕੌਰ ਨਾਮ ਸੀ ਰਖਾਂਵਦੇ।ਸੋਭਾ ਰਾਮਾ ਸੁੰਦਰ ਪਠਾਨੀਆਂ ਨੂੰ ਸੁਧ ਕਰ ਧਾਰ ਗੁਰਮਤਾ ਸਿੰਘ ਸ਼ਾਦੀਆਂ ਕਰਾਂਵਦੇ ॥ ੨੪ ॥

ਇਸ ਤੋਂ ਕੁਛ ਦਿਨ ਪਿਛੋਂ ਰਾਜੇ ਸਾਹਿਬਸਿੰਘ ਪਟਿਆਲੇ ਵਾਲੇ ਦੀ ਆਪਨੀ ਰਾਣੀ ਆਸਕੌਰ ਨਾਲ ਲੜਾਈ ਹੋ ਪਈ ਰਾਜਾ ਤਾਂ ਮੁਨਾਮ ਚਲਿਆ ਗਿਆ ਅਤੇ ਰਾਣੀ ਪਟਿਆਲੇ ਦੀ ਹਾਕਮ ਰਹੀ ਸੋ ਰਾਜੇ ਸਾਹਿਬ ਸਿੰਘ ਨੇ ਮਹਾਰਾਜੇ ਪਾਸ ਸਹਾਇਤਾ ਵਾਸਤੇ ਬੇਨਤੀ ਕੀਤੀ ਜਿਸਨੂੰ ਸੁਨਕੇ ਇਸੇ ਸਾਲ ਕੱਤਕ ਦੇ ਮਹੀਨੇ ਮਹਾਰਾਜ ਜੀ ਨੇ ਜਾਕੇ ਸਰਦਾਰ ਹਰੀਸਿੰਘ ਦੀ ਸਲਾਹਨਾਲ ਆਪਸਵਿੱਚ ਉਨ੍ਹਾਂਦੀ ਸੁਲਾਹ ਕਰਵਾਦਿਤੀ.

## ( ੫ ) ਮਲੇਰ ਕੋਟਲੇ ਦੀ ਲੜਾਈ.

ਰਸਤੇਵਿੱਚ ਮਲੇਰਕੋਟਲੇਦੇ ਕੁਝ ਅਨਪੜ ਪਠਾਨਾਂ ਨੇ ਛੇੜ ਛਾੜ ਕੀਤੀ ਪਰ ਪੂਰੀ ਮੂੰਹ ਦੀ ਖਾਧੀ। ਸਰਕਾਰਦੀ ਮਰਜ਼ੀਥੀ ਕੋਟਲਾ ਉਨ੍ਹਾਂਤੋਂ ਖੋਹਕੇ ਕਿਸੇ ਸਿੰਘਨੂੰ ਜਾਗੀਰ ਦੇਨਦੀਸੀ,ਪਰ

---

ਅਪਨੇ ਆਪਨੂੰ ਇਕ ਨਮੂਨਾ ਬਨਾਕੇ ਦਸਿਆ, ਪਰ ਸ਼ੋਕ ਹੈ! ਕਿ ਜਿਵੇਂ ੨ ਸਦਾ ਹੀ ਦ੍ਰੋਹੀ 'ਬ੍ਰਾਹਮਣ ਕੌਮ' ਸਿੰਘਾਂ ਦੇ ਰਾਜ ਵਿੱਚ ਜੋਰ ਪਕੜਦੀ ਗਈ ਤਿਵੇਂ ੨ ਬ੍ਰਾਹਮਣਾਂਨੇ ਖਾਲਸਾਜੀ ਨੂੰ ਉਨ੍ਹਾਂ ਦੇ ਪਵਿੱਤ੍ਰ ਅਸੂਲਾਂ ਤੋਂ ਡੇਗਨ ਵਾਸਤੇ ਯਤਨ ਕੀਤਾ! (ਅਗੇ ਚਲਕੇ ਦਸਯਾ ਜਾਵੇਗਾ ਕਿ ਏਹ ਓਹ ਸੁਆਰਥੀ ਕੌਮ ਹੈ ਕਿ ਜਿਸਨੇ ਸ੍ਰਿਸ਼ਟੀਦੀ ਉਤਪਤੀ ਤੋਂ ਅਜਤਕ ਕਦੇ ਅਪਨੇ ਰੱਖਯਕ ਦਾ ਭਲਾ ਨਹੀਂ ਚਾਹਿਆ) ਜੇਕਰ ਅਜੇ ਭੀ ਖਾਲਸਾਜੀ ਇਸ ਮਿਤ੍ਰ ਦ੍ਰੋਹੀ ਕੌਮ ਤੋਂ ਨ ਬਚੇਗਾ ਤਾਂ ਕਰਤਾਰ ਜਾਣੇ ਕਿ ਹੋਰ ਕਿਸ ਅਧੋਗਤੀ ਨੂੰ ਪਹੁੰਚੇਗਾ!!!

ਕੀਤੀ ਨੂੰ ਜਾਨਣ ਦਾ ਗੁਣ ਸਿੰਘਾਂ ਵਿੱਚ ਬਹੁਤ ਵਧਕੇ ਹੈ,ਇਸ ਵਾਸਤੇ ਸਰਦਾਰ ਹਰੀਸਿੰਘ ਜੀ ਨੇ ਜਮਾਲਖਾਂ ਪਠਾਨ ਦੀ ਓਹ ਸੇਵਾ ਫੇਰ ਯਾਦ ਕਰਵਾਈ ਕਿ ਜਦ ਉਸਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਛੋਟੇ ਸਾਹਿਬਜ਼ਾਦੇ ਕਤਲ ਕਰਨੋਂ ਰੋਕਨਦਾ ਬੜਾ ਯਤਨ ਕੀਤਾ, ਅਤੇ ਬਜੀਦ ਖਾਂ ਦੀ ਭਰੀ ਕਚਹਿਰੀ ਸਿਰਹੰਦ ਵਿੱਚ ਕਿਹਾ ਸੀ ਕਿ ਏਹ ਨਿਰਦੋਸ਼ ਬਾਲਕ ਹਨ ਏਨ੍ਹਾਂ ਦਾ ਖੂਨ ਨ ਕਰੋ। ਏਹ ਆਪਨੇ ਨੌਕਰ ( ਗੰਗੂ ਬ੍ਰਾਹਮਣ ) ਦੀ ਨਿਮਕ ਹਰਾਮੀ ਨਾਲ ਇਸ ਵਕਤ ਤਕ ਬਹੁਤ ਸਦਮੇ ਪਾਚੁਕੇ ਹਨ,ਭਾਵੇਂ ਦੀਵਾਨ ਸੁੱਚਾਨੰਦ ਖਤ੍ਰੀ ਨੇ ਵੈਰ ਨਾਲ ਇਨ੍ਹਾਂ ਮਾਸੂਮ ਬਾਲਾਂਦਾ ਖੂਨ ਕਰਵਾਯਾ,ਪਰ ਇਸ ਪਠਾਨ ਦੀ ਉਸ ਵੇਲੇ ਐਸੇ ਘੋਰ ਪਾਪ ਤੋਂ ਬਚਨ ਦੀ ਸੇਵਾ ਦੱਸਕੇ ਸਰਕਾਰ ਕੋਲੋਂ ਉਸਦੀ ਜਾਨ ਬਖਸ਼ੀ ਕਰਵਾਦਿੱਤੀ ਤੇ ਜਾਗੀਰ ਭੀ ਦਿਵਾਇਆ,ਸੱਚ ਹੈ ਗੁਰਵਾਕ "ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ"

## (੬)ਸਿਆਲਕੋਟਦਾਲਾਹੌਰਦਰਬਾਰਨਾਲ ਮਿਲਣਾ।

੧੮੦੮ ਈ: ਵਿੱਚ ਸਰਦਾਰ ਜੀਵਨਸਿੰਘਸਿਆਲਕੋਟੀਏ ਨਾਲ ਟਾਕਰਾ ਲੱਗਾ, ਭਾਵੇਂ ਲੜਾਈ ਦੁਵੱਲਤ ਤੁਲਵੀਂ ਸੀ ਪਰ ਫਿਰ ਭੀ ਸਰਦਾਰ ਹਰੀਸਿੰਘ ਜੀ ਦੀ ਹੁਸ਼ਿਆਰੀ ਅੱਗੇ ਮੁਖਲਫ਼ਾਂ ਦੀ ਕੁਛ ਪੇਸ਼ ਨ ਗਈ। ਬੜੀ ਕਰੜੀ ਲੜਾਈਹੋਈ ਕਈਆਂ ਦੇ ਸੱਥਰ ਲੱਥੇ, ਪਰ ਦੂਸਰੇ ਦਿਨ ਸੂਰਜ ਚੜ੍ਹਨਨਾਲ ਹੀ ਸਰਦਾਰ ਹਰੀਸਿੰਘਜੀ ਤੇ ਸਰਦਾਰ ਹੁਕਮਾਸਿੰਘ ਚਿਮਨੀ ਗੁਜਰਾਂਵਾਲੀਏ ਪੌੜੀ ਲਾਕੇ ਕਿਲੇ ਤੇ ਚੜ੍ਹ ਗਏ ਤੇ ਸਰਕਾਰ ਦਾ ਅਕਾਲੀ ਝੰਡਾ ਉਤੇ ਗੱਡ ਦਿੱਤਾ, ਬਸ ਫੇਰ ਕੀ ਸੀ ਮਿੰਟਾਂ

ਵਿੱਚ ਹੀ ਫੌਜ ਉੱਤੇ ਚੜ੍ਹ ਗਈ ਤੇ ਕਿਲਾ ਸਰ ਕਰ ਲਿਆ.

ਇਸ ਸੇਵਾ ਵਾਸਤੇ ਮਹਾਰਾਜ ਸਰਦਾਰਜੀ ਤੇ ਬੜੇ ਪ੍ਰਸੰਨ ਹੋਏ. ਏਥੋਂ ਤਕ ਕਿ ਜਦ ਏਹ ਦੋਵੇਂ ਸਰਦਾਰ ਵਾਪਿਸ ਆਏ ਤਾਂ ਮਹਾਰਾਜ ਨੇ ਆਪ ਉੱਠਕੇ ਦੋਹਾਂ ਸਰਦਾਰਾਂ ਨੂੰ ਫਤਹ ਬੁਲਾਈ ਤੇ ਗਲ ਨਾਲ ਲਾਇਆ ਤੇ ਬੜੇ ਸਿਰ ਵਾਰਨੇ ਕੀਤੇ.

## (੭)ਮੁਲਤਾਨਦੇਸੂਬੇਮੁਜ਼ਫ਼ਰਖਾਂਦੀਤਬਾਹੀ

ਇਸਤੋਂ ਪਿਛੋਂ ਤਿੰਨ ਵਾਰੀ ਮੁਲਤਾਨ ਤੇ ਚੜ੍ਹਾਈ ਕੀਤੀ ਅਤੇ ਬਹੁਤ ਸਾਰਾ ਨਜ਼ਰਾਨਾ ਲੈਕੇ ਵਾਪਸ ਆਂਵਦੇ ਰਹੇ, ਪਰ ਸਰਕਾਰ ਦੇ ਮਨ ਵਿੱਚ ਓਹ ਰੋਸ ਬਾਕੀ ਸੀ ਕਿ ਕੁਤਬਦੀਨ ਕਸੂਰੀਏ ਤੇ ਮੁਜ਼ਫਰਖਾਂ ਸੂਬੇ ਮੁਲਤਾਨ ਨੇ ਮਤਾ ਪਕਾਕੇ ਜੋ ਲੜਾਈ ਛੇੜੀ ਸੀ ਇਸਦਾ ਪੂਰਾ ੨ ਫਲ ਉਸਨੂੰ ਭੀ ਮਿਲਨਾ ਚਾਹੀਦਾ ਹੈ, ਸੋ ਐਤਕੀ ਚੌਥੀਵਾਰ ਸੰਨ ੧੮੧੦ ਈ: ਵਿੱਚ ਬਹੁਤ ਸਾਰੀ ਫੌਜ ਦੇਕੇ ਸਰਦਾਰ ਹਰੀਸਿੰਘ ਨੂੰ ਮੁਲਤਾਨ ਤੇ ਚੜ੍ਹਾਈ ਵਾਸਤੇ ਤੋਰਿਆ। ਅਗੋਂ ਮੁਜ਼ਫਰਖਾਂ ਪਠਾਨ ਭੀ ਬੜਾ ਜ਼ਬਰਦਸਤ ਤੇ ਉੱਘਾ ਸੂਰਮਾ ਸੀ, ਉਸਨੇ ਬਹੁਤੇਰੇ ਦਾਉ ਪੇਚ ਖੇਲੇ, ਜਹਾਦੀ ਇਸ਼ਤਿਹਾਰ ਦੀਨਦੀ ਲੜਾਈ ਦੇ ਕਢਕੇ ਬਹੁਤ ਮੁਲਖਈਆ ਆਪਨੇ ਨਾਲ ਇਕੱਠਾ ਕੀਤਾ, ਪਰ ਖਾਲਸੇ ਦੀ ਤਲਵਾਰ ਅਗੇ ਹਾਰ ਗਿਆ। ਉਸਦੇ ਲਾਇਕ ਵਜ਼ੀਰ ਨੇ ਸਰਦਾਰ ਹਰੀਸਿੰਘਜੀ ਦੇ ਡੇਰੇ ਤਕ ਅੰਦਰੋ ਅੰਦਰ ਹੀ ਸੁਰੰਗ ਕੱਢ ਦਿੱਤੀ ਤਾਕਿ ਸਰਦਾਰਜੀ ਨੂੰ ਬਿਨ ਲੜਾਈਓਂ ਹੀ ਮਾਰਨ ਦਾ ਪੱਕਾ ਬੰਦੋਬਸਤ ਕਰਲਵੇ, ਪਰ "ਜਿਸੁਰਾਖੈ ਤਿਸੁ ਕੋਇਨ ਮਾਰੈ" ॥

ਜਿਸ ਰਾਤੀ ਸੁਰੰਗ ਨੂੰ ਅਗ ਲਾਉਣੀ ਸੀ ਉਸ

ਰਾਤ ਬੜਾ ਮੀਂਹ ਪਿਆ ਤੇ ਪਾਣੀ ਵਗ ੨ ਕੇ ਕੁਪਿਆਂ ਦਾ ਬਰੂਦ ਸਿੱਲ੍ਹ ਗਿਆ, ਸੋ ਜਦ ਅੱਗ ਲਾਈ ਤਾਂ ਤੰਬੂ ਤੇ ਸਭ ਸਾਮਾਨ ਸੜ ਗਿਆ, ਤੇ ਸਰਦਾਰ ਜੀ ਨੇ ਆਪਣੀ ਰਖਿਆ ਹਿਤ ਇੱਕ ਪਾਸ ਬੈਠੇ ਮਿਸ਼ਰ ਨੂੰ (ਜੋ ਕਹਿੰਦੇ ਹਨ ਕਿ ਸੂਬੇ ਨਾਲ ਮਿਲ ਗਿਆ ਸੀ) ਸੁਰੰਗ ਦੇ ਮੂੰਹ ਨੂੰ ਬੰਦ ਕਰਨ ਵਾਸਤੇ ਉਤੇ ਸੁੱਟਕੇ ਚਲੇ ਗਏ, ਪਰ ਤਦ ਭੀ ਕੁਝ ਛੱਰਰੇ ਲਗੇ ਤੇ ਕੁਝ ਦਿਨ ਘਰ ਆਕੇ ਸਖਤ ਬੀਮਾਰ ਰਹੇ, ਹੁਨ ਜਿਤਨੇ ਵੈਰਸਾਹ ਨ ਲੈਣ ਦਿੱਤਾ ਸੋ ਅਪਨੀ ਮਰਹਮ ਪੱਟੀ ਕਰਦੇ ੨ ਹੀ ਸਰਦਾਰ ਜੀ ਨੇ ਫਿਰ ਮੁਲਤਾਨ ਪਹੁੰਚਕੇ ਮੋਰਚੇ ਕਿਲੇ ਤੇ ਬੰਨ੍ਹ ਦਿਤੇ। ਜਿਨ੍ਹਾਂ ਨੂੰ ਇੱਕ ਕਵੀਸ਼ਰ ਇਸਤਰ੍ਹਾਂ ਲਿਖਦਾ ਹੈ:—

ਕਬਿੱਤ—ਹਾਥਜੋੜਬੋਲਾ ਸ਼ੇਰੇਪਾਤਸ਼ਾਹ ਸੇਰ ਹੋ ਆਪ ਸ਼ਹਿਰ ਮੁਲਤਾਨਦੇਮੈਂ ਧੂਲਕੇ ਉਡਾਦਿਆਂ। ਕਹੋ ਤਾਂ ਬੇਗ਼ਮਾਂ ਸਮੇਤ ਮੁਛੀ ਸੀ'ਖਦੇਨੂੰ ਬੰਨ੍ਹਕੇ ਮੈਂ ਮੁਸ਼ਕਾਂ ਪਾਸ ਤੁਸਾਂਦੇ ਲਿਆਂਦਿਆਂ। ਕਹੋ ਤਾਂ ਨਿਮਕਹਰਾਮ ਸੂਬੇ ਦੀਆਂ ਜੜ੍ਹਾਂ ਪੁਟਕੇ ਤੇ ਹੁਣੇ ਹੀ ਖਾਰੇ ਸਮੁੰਦ੍ਰ ਵਿੱਚ ਪਾ ਦਿਆਂ। ਸੀਤਾਰਾਮਾਂ ਬੈਠਾ ਜੇਹੜਾ ਸਿਰ-ਕਸ਼ੀਆਂ ਮਚਾਂਵਦਾ ਹੈ ਕੁਤਬਦੀਨ ਵਾਂਗੂ ਹਲ ਮੁਲਤਾਨ ਤੇ ਫਿਰਾ ਦਿਆਂ ॥ ੨੫ ॥ ਓਸੇ ਵੇਲੇ ਝੱਟ ਪੱਟ ਕੂਚਦਾਂ ਹੁਕਮ ਹੂਆ ਚੜ੍ਹ ਪੈਂਦੇ ਗਜ ਸਿੰਘ ਸੂਰਮੇ ਦਲੇਰ ਸੀ। ਵੇਪੂ ਤੇ ਰਸਾਲੇ ਫੌਜਾਂ ਤੋਪਖਾਨੇ ਉਠ ਭੇਜੇ ਆਪੋ ਵਿੱਚ ਕਹਿਨ ਮੁੜ ਜੈਮਲਾ ਨ ਫੇਰ ਜੀ। ਸੂਤ ਸਭ ਖੰਡਾ ਚਲ ਵੜੋ ਮੁਲਤਾਨ ਵਿੱਚ ਵੱਢ ਵੱਢ ਪਠਾਨਾਂ ਦੇ ਲਾਵਨੇ ਹੈ ਢੇਰ ਜੀ। ਸੀਤਾਰਾਮ ਏਵੇਂ ਸਿੰਘ ਨਿਕਲੇ ਲਾਹੌਰ ਵਿਚੋਂ ਕੁੱਦ ਪੈਂਦੇ ਬੇਲੇ ਵਿਚੋਂ ਜਿਵੇਂ ਭੁੱਖੇ ਸ਼ੇਰ ਜੀ ॥ ੨੬ ॥ ਧੌਂਸੇ ਤੇ ਨਗਾਰੇ ਮਾਰੂ ਵੱਜਦੇ ਸੀ ਜਾਂਦੇ ਅਗੇ ਸੁਣ ੨ ਸੂਰਿਆਂ ਨੂੰ ਚੜ੍ਹਦੀ ਸੀ ਲਾਲੀ ਹੈ। ਜਿਧਰੋਂ ਦੀ ਜਾਨ ਜਿਮੀਂ

ਤਖ਼ਤ ਦੇ ਸਮਾਨ ਹੁੰਦੀ ਦਲਾਂ ਦੀ ਚੜ੍ਹਾਈ ਵਾਂਗੂੰ ਉੱਠੀ ਘੂਕ ਕਾਲੀ ਹੈ । ਸੁੰਦਰ ਜੁਆਨ ਜਿਵੇਂ ਸਰੂ ਆਹੇ ਬਾਗ਼ ਵਿੱਚ ਦੇਖ ਜਿਨ੍ਹਾਂ ਜਿਨ ਨੇ ਭੀ ਗਿੱਠੀ ਨੀਵੀਂ ਕਰ ਡਾਲੀ ਹੈ। ਸੀਤਾਰਾਮਅ ਝਟ ਪਟ ਪਹੁੰਚੇ ਮੁਲਤਾਨ ਵਿੱਚ ਗੱਡ ਦਿੱਤੇ ਮੋਰਚੇ ਤੇ ਛੱਡ ਦਿੰਦੇ ਵਾਲੀ* ਹੈ ॥ ੨੭ ॥ ਭੰਗੀਆਂ ਦੀ ਤੋਪ ਜੋਹੜੀ ਰੱਖੀ ਹੈ ਲਾਹੌਰ ਵਿੱਚ ਉਸ ਵੇਲੇ ਏਸਨੂੰ ਸੀ ਤਖ਼ਤ ਤੇ ਚੜ੍ਹਾਲਿਆ। ਸੋਧ ਅਰਦਾਸਾ ਓਟ ਧਾਰ ਇੱਕ ਅਕਾਲ ਵਾਲੀ ਪੰਥ ਸੀਸ ਸੀਸ ਫੂਲ ਸੂਰਮੇ ਨਿਵਾਲਿਆ । ਸਤਿਗੁਰ ਆਸ ਰੱਖ ਖਾਲਸੇ ਦੀ ਲਾਜ ਏਥ ਸਤਿਨਾਮੁ ਬੋਲ ਬੱਟ ਗੋਲਾ ਵਿੱਚ ਪਾ ਲਿਆ। ਸੀਤਾਰਾਮਾ ਛੁਟਾ ਜਦ ਗੱਜਦਾ ਬਦੱਲ ਵਾਂਗ ਲੱਗਾ ਕਿਲੇ ਕੰਬ ਤਬਕ ਜਿਮੀਂ ਦਾ ਹਿਲ ਗਿਆ ॥ ੨੮ ॥ ਡਿੱਗੀਆਂ ਦੀਵਾਰਾਂ ਤੇ ਮਕਾਨ ਕਈ ਸ਼ਹਿਰ ਵਿੱਚ ਆਗਿਆ ਭੂਚਾਲ ਤੜਫੜਾਟ ਪਿਆ ਭਾਰੀ ਹੈ । ਤੋਪ ਦੀ ਅਵਾਜ਼ ਨਾਲ ਨਾਰੀਆਂ ਦੇ ਗਰਭ ਛਨੇ ਹੁੰਦੀ ਹਾਹਾਕਾਰ ਮਚ ਜਾਂਦੀ ਅੰਧਕਾਰੀ ਹੈ । ਪਿਆ ਫ਼ਿਕਰ ਝਟ ਸੂਬੇ ਮੁਜ਼ੱਫਰਖਾਂ ਤਾਂਈਂ ਆਇਆ ਸੁਰਾਹ ਹਰੀ ਸਿੰਘ ਕਸੂਰ ਜਿਨੇ ਮਾਰੀ ਹੈ । ਸੀਤਾਰਾਮਾ ਝਟ ਪਠਾਨ ਸਭ ਚਾਕ੍ਰੂ ਦੇਂਦਾ ਕਹਿੰਦਾ ਮਾਰ ਦੇਵੋ ਜਿਨੇ ਆਏ ਕਸਾਧਾਰੀ ਹੈ ॥ ੨੯ ॥ ਮਚ ਪਿਆ ਜੰਗ ਦੋਹਾਂ ਧਿਰਾਂ ਦਾ ਮੈਦਾਨ ਵਿੱਚ ਹੁੰਦੀ ਮਾਰੋਮਾਰ ਫੜੇ ਝੜੇ ਸੂਟੇ ਕਾਟ ਸੀ । ਛੂਟੇ ਜਲਵਾਤ ਕਰਾਬੀਨ ਤਲਵਾਰ ਨੇਜ਼ੇ ਵੱਗ ਰਹੇ ਸੀਗੇ ਜ਼ਿਕੁਰ ਚਲਦੇ ਘੁਰਾਟ ਸੀ । ਸੀਸ,ਪੈਰ,ਗੋਡੇ, ਪੈਨ ਛੀਮਾਂ ਵਾਂਗੂ ਜਿਮੀਂ ਉਤੇ ਮਚਾ ਰਣ ਵਿੱਚ ਬੜਾ ਭਾਰੀ ਤੜ-ਫੜਾਟ ਸੀ । ਸੀਤਾਰਾਮਾ ਸਿੰਘਾਂ ਸਦ ਦੰਬ ਚਾੜ੍ਹੀ ਤੁਰਕਾਂ ਉਤੇ

*ਇੱਕਠੀਆਂ ਬੰਦੂਕਾਂ ਦੀ ਬਾੜ੍ਹ ਨੂੰ ਵਾਲੀ ਕਹਿੰਦੇ ਹਨ ॥

ਗਿੱਦੜਾਂ ਦੇ ਵਾਂਗੂ ਉੱਠ ਨੱਠੇ ਝਟਪਟ ਸੀ ॥ ੨੦ ॥ ਪਰ ਫਿੱਤੀ ਵਾਙ ਹਰੀਸਿੰਘ ਸਰਦਾਰ ਪਿੱਛੋਂ ਫੇਰਿਆ ਸੀ ਖੰਡਾ ਬਿਜੁਰ ਚੱਲਦੀ ਹਨੇਰੀ ਹੈ। ਸਾਹਮਣੇ ਨ ਆਵੇ ਕੋਈ ਡਰਦਾ ਪਠਾਨ ਅਗੋ ਜਿਧਰੋਂ ਦੀ ਜਾਏ ਲਾਏ ਮੁਰਦੇਂ ਦੀ ਢੇਰੀ ਹੈ। ਲਾਹ ਸੁਟੇ ਧਾਣ ਵਢੇ ਖੇਤੀ ਜਿਉਂ ਕਿਸਾਨ ਹੋਵੇ ਅਕਾਲ ਦੇਵਾ ਉਤਾਰ ਦੇਖੋ ਸਿੰਘਾਂ ਦੀ ਦਲੇਰੀ ਹੈ। ਸੀਤਾਰਾਮਾ ਜਾਇ ਚੜ੍ਹਾ ਕਿਲੇ ਦੀ ਦੀਵਾਰ ਉਤੇ ਮਾਰੇ ਲਲਕਾਰਾਂ ਸ਼ੇਰਾ ਸੁਣੋ ਗਲ ਮੇਰੀ ਹੈ ॥ ੨੧ ॥ ਤੁਰਕਾਂ ਨੇ ਤਬ ਹਰੀਸਿੰਘ ਦੇ ਸਰੀਰ ਉਤੇ ਬਾਲਕੇ ਤੇ ਭਾਂਭੜ ਅੱਗ ਕੋਲਿਆਂ ਦੀ ਪਾਈ ਹੈ। ਬਚਾਇਕੇ ਸਰੀਰ ਹੇਠਾਂ ਛਾਲ ਮਾਰੀ ਸੂਰਮੇ ਨੇ ਸੁਭ ਸ੍ਰੀਸਾਹਿਬ ਨਦੀਲਹੂ ਦੀ ਵਗਾਈ ਹੈ। ਮਾਰੇ ਪਿਸਤੌਲ ਪਿਆਂ ਤੁਰਕਾਂ ਨੂੰ ਹੌਲ ਛੁਟੇ ਤ੍ਰਿਖਿਆਂ ਮੈਂ ਚੌਲ ਤੇ ਮਚਾਂਵਦੇ ਦੁਹਾਈ ਹੈ। ਕਈ ਕਹਿਨਹੁੰਦੀ ਜਾਹੋ ਕਤਲ ਇਮਾਮਾਂਵਾਲੀ ਸੀਤਾਰਾਮਾ ਖਬਰੇ ਕਿਆਮਤ ਅੱਜੋ ਆਈ ਹੈ ॥ ੨੨ ॥ ਘਰ ਘਰ ਹਟ ਹਟ ਬੜਾ ਮਚਾ ਰੀਹਾਵਟ ਪਠਾਨੀਆਂ ਝਾਟੇ ਲਏ ਪਟ ਮੁਖੋਂ ਕਹਿਨ ਧਾੜਧਾੜ ਜੀ। ਨੱਥ ਚੌਕ ਗਹਿਣੇ ਸਾਰੇ ਲਾਹ ਜਿਮੀਂ ਉਤੇ ਝਾਰੇ ਮਾਰਨ ਉਭੋ ਦ ਨਾਰੇ ਮੱਥੇ ਲੈਂਦੀਆਂ ਸੀ ਧਾੜ ਜੀ। ਮੋਏ ਜਿਨਾਂ ਦੇ ਸੀ ਭਾਈ ਭੈਣਾਂ ਖਾਕ ਸਿਰੇ ਪਾਈ ਰੋਂਦੀ ਪੁਤ੍ਰਾਂ ਨੂੰ ਮਾਈ ਨਾਰੀ ਪਿਟੇ ਤਾੜ ਤਾੜ ਜੀ। ਸੀਤਾਰਾਮਾ ਮੋਏ ਮਾਪੇ ਕਰਦੀ ਸੀ ਧੀ ਸਿਆਪੇ ਦਰ ਦਰ-ਗਲੀ ਛਾਪੇ ਹੋਈ ਸ਼ਹਿਰ ਮੇਂ ਉਜਾੜ ਜੀ ॥ ੨੩ ॥ ਐਸਾ ਤਰਥਲਾਟ ਸਿੰਘਾਂ ਪਾਇਆ ਮੁਲਤਾਨ ਵਿੱਚ ਛੋੜਿਆ ਨ ਕੋਈ ਢਾਹ ਕੀਤਾ ਕੁਲ ਦੇਸ ਨੂੰ। ਗਾਰਦ ਖਿਠਾਈ ਖੁਸ਼ੀ ਖੁਸ਼ੀ ਨਾਲ ਜਗਾ ਜਗਾ ਬੈਠਕੇ ਲੈ ਜੋਸ਼ ਤੁਰੇ ਮੁਸ਼ਫਰਖਾਂ ਮਲੇਛ ਨੂੰ। ਬੜੀ ਧੂਮਧਾਮ ਨਾਲ ਆਂਵਦੇ

ਲਾਹੌਰ ਵਿੱਚ ਵਾਹਿਗੁਰੂ ਜੀਕੀ ਫਤਹ ਆ ਬੁਲਾਂਵਦੇ ਨਰੇਸ਼ ਨੂੰ । ਜੀਤਾਰਾਮਾ ਮਹ ਰਾਜ ਬੜੇ ਪ੍ਰਸੰਨ ਹੁਏ ਦੇਂਦੇ ਬਹੁ ਲੰਗਰ ਤੇ ਕਪੜੇ ਦਰਵੇਸ਼ ਨੂੰ ॥ ੩੪ ॥ ਤੁਸ਼ ਮਹਾਰਾਜ ਥਾਪੀ ਦੇਨ ਹਰੀ ਸਿੰਘ ਤਾਈਂ ਨਿਮਕਹਲਾਲੀ ਐਸਾ ਸੂਰਮਾ ਨ ਕਾਈ ਹੈ । ਵਾਰਕੇ ਕਰੋੜ ਮੁਹਰਾਂ ਸੁਟ ਦੇਂਦੇ ਸੀਸ ਉਤੋਂ ਹਿਰਦੇ ਕੇ ਬੀਚ ਖੁਸ਼ੀ ਜਾਇ ਨ ਸਮਾਈ ਹੈ । ਹੋਰ ਕੁਲ ਦੇਸ ਵਿਚ ਸੋਭਾ ਹੋਈ ਸੂਰਮੇ ਦੀ ਐਸੀ ਅਕਾਲਪੁਰਖ ਹਰੀ ਸਿੰਘ ਤੇ ਕ੍ਰਿਪਾਈ ਹੈ । ਜੀਤਾਰਾਮਾ ਪਿਆ ਧੱਮਾ ਸਾਰੇ ਹਿੰਦੁਸਤਾਨ ਅੰਦਰ ਡਰਦਾ ਨ ਬੋਲੇ ਕੋਈ ਸਰਕਾਈ ਦੁਹਾਈ ਹੈ ॥ ੩੫ ॥

ਇਸ ਲੜਾਈ ਵਿੱਚ ਸਰਦਾਰ ਜੀ ਦੇ ਵਾਰੀ ਜ਼ਖਮੀ ਹੋਏ ਅਤੇ ਕਿੰਨੇ ਫਿਰ ਪਿਛੋਂ ਸੁਖ ਦਾ ਅਸਨਾਨ ਕੀਤਾ । ਸਰਦਾਰ ਜੀ ਦੇ ਨਾਲ ਕਿਲੇ ਤੇ ਸਭ ਤੋਂ ਪਹਿਲੇ ਚੜ੍ਹਨ ਵਾਲਿਆਂ ਵਿਚੋਂ ਅਕਾਲੀ ਸਾਧੂਸਿੰਘ ਸ਼ਹੀਦ ਭੀ ਸੀ । ਏਸ ਲੜਾਈ ਵਿੱਚ ਸਿੰਘਾਂ ਨੇ ਪਠਾਨਾਂ ਦਾ ਬਲ ਦੇਖ ਲਿਆ ਤੇ ਹੌਸਲਾ ਬਹੁਤ ਵਧਗਿਆ । ਏਹ ਲੜਾਈ ਬੜੀ ਮਸ਼ਹੂਰ ਹੈ ਤੇ ਜਦਤਕ ਤਵਾਰੀਖਾਂ ਹਨ ਇਸਦਾ ਨਾਮ ਲਿਆ ਜਾਵੇਗਾ । ਸਰਦਾਰ ਜੀ ਦਾ ਨਾਮ ਭੀ ਇਸ ਲੜਾਈ ਨਾਲ ਸੂਰਜ ਤੇ ਰੌਸ਼ਨੀ ਦੀ ਤਰ੍ਹਾਂ ਸੰਬੰਧਿਤ ਹੈ, ਸੋ ਜਦਤਕ ਸੰਸਾਰ ਹੈ ਚਮਕਦਾ ਰਹੇਗਾ ਕਿਉਂਕਿ ਏਹ ਲੜਾਈ ਬੜੀ ਖੂੰਖਾਰ ਸੀ ॥

## (੮) ਸੈਯਦ ਮੱਟੂਸ਼ਾਹ ਦਾ ਸੁਧਾਰ

ਕੁਝ ਕਾਲ ਪਿਛੋਂ ਸ਼ੰਗਦੇ ਇਲਾਕੇ ਵਿੱਚ ਸੈਯਦ ਮੱਟੂਸ਼ਾਹਨੇ ਖੂਬ ਅੰਧਾਧੁੰਧ ਪਾਈ, ਹਰਇਕ ਹਿੰਦੂ ਤੇ ਜ਼ੁਲਮ, ਧੀਆਂ ਧੋਖਾਂ ਖੋਹ ਲੈਣ, ਕੋਈ ਚੀਜ਼ ਨ ਛੱਡਨ ਵਾਲਾ ਕੰਮ ਜਾਰੀ ਰਖਿਆ,

ਜਿਸਦੀ ਰਪੋਟ ਸਰਕਾਰ ਪਾਸ ਆਈ ਤੇ ਇੱਕ ਕਵੀਸ਼ਰ ਇਸ ਤਰ੍ਹਾਂ ਲਿਖਦਾ ਹੈ ॥ ਕਬਿੱਤ ॥ ਝੰਗ ਦੇ ਇਲਾਕੇ ਵਿੱਚ ਸੈਦਮੱਟੂ ਜਨਾ ਇੱਕ ਫਿਰੇ ਸੀ ਮਲੇਛ ਸਦਾ ਖਾਨ ਲੁਟ ਮਾਰਕੇ। ਰੱਖਦੇ ਨ ਖੌਫ ਦਿਲ ਵਿੱਚ ਕਿਸੇ ਬਾਦਸ਼ਾਹ ਦਾ ਆਪਨਾ ਹੀ ਰਾਜ ਮੁਖੋਂ ਆਖਦੇ ਪੁਕਾਰਕੇ। ਏਨੇ ਵਿਚ ਹਿੰਦੂ ਇੱਕ ਕਿੱਸਾ ਆਦਿਅੰਤ ਤੋੜੀ ਆਨਕੇ ਲਾਹੌਰ ਵਿੱਚ ਕਿਹਾ ਦਰਬਾਰ ਕੇ। ਸੀਤਾਰਾਮਾ ਸੁਣਕੇ ਹਵਾਲ ਮਹਾਰਾਜ ਤਬ ਹੋਏ ਲਾਲੋਂ ਲਾਲ ਉੱਠ ਖੜੇ ਭੁੱਬ ਮਾਰਕੇ ॥ ੩੬ ॥ ਕਰਕੇ ਤਿਆਰ ਹਰੀਸਿੰਘ ਸਰਦਾਰ ਝਟ ਤੋਪਖਾਨੇ ਫੌਜਾਂ ਮੱਟੂ ਜਨੇ ਪਰ ਚਾੜੀਆਂ। ਤੁਰਦੇ ਹੀ ਸਾਰ ਏਹ ਹੁਕਮ ਦਿੱਤਾ ਖਾਲਸੇ ਨੂੰ ਜਾਇਕੇ ਤੁਰਕਾਂ ਦੀਆਂ ਕਰ ਸੁੱਟੋ ਫਾੜੀਆਂ। ਜੀਂਦਾ ਨ ਛਡੋ ਆਕੀ ਫੇਰੋ ਤਲਵਾਰ ਐਸੀ ਦਾਤੀ ਦੇ ਨਾਲ ਜੱਟ ਵੱਢਦੇ ਜਿਉਂ ਹਾੜੀਆਂ। ਸੀਤਾਰਾਮ ਮੁੜਕੇ ਨ ਰਹਿਨ ਓਹ ਲੜਨ ਜੋਗੇ ਮਾਰ ੨ ਵਾਲੀਆਂ ਉਡਾਓ ਮਹਿਲ ਮਾੜੀਆਂ ॥ ੩੭ ॥ ਧਾਂਵਦੇ ਕਰੋਧੀਆਂ ਦਬਾਂਦੇ ਹੋਠ ਦੰਦ ਸਿੰਘ ਪਹੁੰਚੇ ਮੱਟੂਜਨੇ ਛੋੜ ਦਿੱਤੀਆਂ ਸੀ ਢਾਲੀਆਂ। ਖੋਲ੍ਹ ਦਿਤੇ ਫੱਟ ਕਰ ਬਾਜ ਵਾਲਾ ਝਟ ਤੇ ਜ਼ਮੀਨ ਸੁਟੀ ਪੱਟ ਮਾਰ ਜਾਨ ਉਹ ਛਾਲੀਆਂ। ਲੜਾਈ ਹੋਈ ਜ਼ੋਰ ਨਾਲ ਸਿੰਘ ਕਰਨ ਮਾਰੋ ਮਾਰ ਤੁਰਕ ਰੁਲਦੇ ਮੈਦਾਨ ਵਿੱਚ ਲਹੂ ਵਗੇ ਨਾਲੀਆਂ। ਸੀਤਾਰਾਮਾ ਸਿੰਘ ਮਟੂਜਨੇ ਦਾ ਮੁਲਕ ਜਿੱਤ ਆਂਵਦੇ ਲਾਹੌਰ ਵਿੱਚ ਮਾਰਦੇ ਉਛਾਲੀਆਂ ॥ ੩੮ ॥ ਦੇਖ ਸਰਕਾਰ ਖੁਸ਼ੀ ਹੋਈ ਬੇਸ਼ੁਮਾਰ ਹਰੀਸਿੰਘ ਕੋ ਲਗਾਇ ਕੰਠ ਸੀਨੇ ਖਸ਼ੇ ਫੁਲ ਜੀ। ਠੋਕ ਕਰ ਪਿੱਠ ਕਹਿਨ ਧੰਨ ਤੇਰੇ ਮਾਤ ਪਿਤਾ ਏਸ ਵੇਲ੍ਹੇ ਸੂਰਮਾ ਨ ਕੋਈ ਤੇਰੇ ਤੁਲ ਜੀ। ਮਾਰਕੇ ਮਲੇਛ ਮੁਲਕ ਜਿੱਤ ਲਿਆ ਦੇਸ਼ ਤੇਨੇ ਪਾਵਾਂ ਕੀ ਜੁਸਾਂ ਦੀ ਬਹਾਦੁਰੀ ਕਾ

ਮੈਂ ਮੁਲ ਜੋ। ਸੀਤਾਰਾਮਾ ਤਬ ਮਹਾਰਾਜ ਹਰੀਸਿੰਘ ਭਾਈਂ ਲਿਖ ਦੇਂਦੇ ਇਲਾਕਾ ਮਟੂਸਨੇ ਵਾਲਾ ਕੁਲ ਜੋ ॥ ੧੯ ॥
ਏਹ ਲੜਾਈ ੧੮੧੪ ਈ: ਵਿੱਚ ਹੋਈ ਸੀ ॥

## (੯) ਕੋਹਨੂਰ ਹੀਰੇ ਦਾ ਵਸੂਲ ਕਰਨਾ

ਅਗਲੇ ਸਾਲ ਕਸ਼ਮੀਰ ਦੇ ਹਾਕਮ ਅਤਾਮੁਹੰਮਦ ਪਾਸ਼ ਸ਼ਾਹ ਸੁਜਾਹ ਅਪਨੇ ਭਾਈ ਤੋਂ ਭਾਂਜ ਖਾਕੇ ਆਗਿਆ, ਤੇ ਉਸਦੇ ਭਾਈ ਨੇ ਭੀ ਕਸ਼ਮੀਰ ਤੇ ਧਾਵਾ ਕੀਤਾ, ਜਿਸ ਵਾਸਤੇ ਸ਼ਾਹ ਸੁਜਾਹ ਨੇ ਮਹਾਰਾਜੇ ਨੂੰ ਲਾਹੌਰ ਮਦਦ ਵਾਸਤੇ ਲਿਖਿਆ, ਤੇ ਇਕਰਾਰ ਕੀਤਾ ਕਿ ਜੇਕਦੀ ਜਾਨ ਬਖਸ਼ੋ ਤੇ ਇਸ ਦੁਖ ਤੋਂ ਛੁਡਾਓਗੇ ਤਾਂ ਕੋਹਨੂਰ ਹੀਰਾ ਆਪਨੂੰ ਨਜ਼ਰ ਦੇਵਾਂਗਾ, ਮਹਾਰਾਜਨੇ ਏਹ ਮੌਕਾ ਚੰਗਾ ਜਾਨਕੇ ਕੁਛ ਫੌਜ ਉਸਦੇ ਬਚਾਉ ਵਾਸਤੇ ਕਸ਼ਮੀਰ ਭੇਜੀ ਅਤੇ ਸ਼ਾਹ ਸੁਜਾਹ ਨੂੰ ਇਨ੍ਹਾਂ ਨਾਲ ਲਾਹੌਰ ਮੰਗਾ ਲਿਆ। ਲਾਹੌਰ ਆਕੇ ਸ਼ਾਹ ਸੁਜਾਹ ਨੇ ਸੁਖ ਦਾ ਸਾਹ ਕਢਿਆ ਤੇ ਆਪਨੇ ਇਕਰਾਰ ਮੂਜਿਬ ਕੋਹਨੂਰ ਹੀਰਾ ਮਹਾਰਾਜ ਨੂੰ ਨਜ਼ਰ ਦਿੱਤਾ। ਅੱਜ ਕਲ ਏਹ ਹੀਰਾ ਸ਼ਾਹਿਨ-ਸ਼ਾਹ ਜਾਰਜ ਪੰਜਵੇਂ ਦੇ ਤਾਜ ਵਿੱਚ ਚਮਕਦਾ ਹੈ (ਕਹਿੰਦੇ ਹਨ ਕਿ ਇਸਦੀ ਕੀਮਤ ਪੰਜਾਹ ਹਜ਼ਾਰ ਮੋਹਰ ਤੋਂ ਭੀ ਵਧੀਕ ਪੈਂਦੀ ਹੈ) ਸਰਦਾਰ ਹਰੀ ਸਿੰਘ ਇਸ ਮੁਹਿੰਮ ਦਾ ਜਥੇਦਾਰ ਸੀ॥

ਇਸਤੋਂ ਪਿਛੋਂ ਸ਼ਕੀਰਾ, ਬਸਾਲਾ, ਮਿਠਾਟਿਵਾਨਾ, ਨੂਰਪੁਰ ਆਦਿਕਾਂ ਨੂੰ ਆਪਨੀ ਤਲਵਾਰ ਦੀ ਧਾਰ ਅੱਗੇ ਹੇਠੀ ਦਸੀ ਤੇ ਇੱਕ ਕਿਲਾ ਓਥੇ ਬਨਾਯਾ ਤੇ ਨਵਾਬ ਸਰਬੁਲੰਦਖਾਂ ਮਨਕੀਰੇ ਵਾਲੇ ਤੋਂ ਭੀ ਬਾਕੀ ਸਰਕਾਰੀ ਮਾਮਲਾ ਵਸੂਲ ਕੀਤਾ.

# ( ੧ ) ਕਸ਼ਮੀਰ ਦੀ ਚੜ੍ਹਾਈ

ਸੰਨ ੧੮੧੯ ਈ: ਵਿੱਚ ਜਬਾਰਖਾਂ ਸੂਬਾ ਕਸ਼ਮੀਰ ਦਾ ਵਜ਼ੀਰ ਪੰਡਿਤ ਬੀਰਬਲ ਸੂਬੇ ਦੇ ਦੁਖਾਂ ਤੋਂ ਛੁੱਟਣ ਲਈ ਲਾਹੌਰ ਭੱਜ ਆਇਆ, ਤੇ ਆਪਣਾ ਵੈਰ ਲੈਨ ਵਾਸਤੇ ਦਰਬਾਰ ਵਿੱਚ ਜਾਕੇ ਬੇਨਤੀ ਕੀਤੀ ਕਿ ਮਹਾਰਾਜ ਮੈਨੂੰ ਸ਼ਰਨ ਪਏ ਨੂੰ ਰੱਖ ਲਓ! ਕਿਉਂਕਿ ਕਸ਼ਮੀਰ ਦੇ ਸਭ ਅਮੀਰ ਗਰੀਬ ਵਸਨੀਕ ਜੀ ਜੀ ਤਕ ਜਬਾਰਖਾਂ ਦੇ ਹਥੋਂ ਸੜੇ ਪਏ ਹਨ, ਤੁਸੀਂ ਆਪਣੀ ਫੌਜ ਨੂੰ ਸਰਦਾਰ ਹਰੀ ਸਿੰਘ ਨਾਲ ਉਧਰ ਭੇਜੋ ਤਾਂ ਹੁਣ ਮੌਕਾ ਹੈ, ਤੇ ਕਸ਼ਮੀਰ ਜੈਸਾ ਮੁਲਕ ਬਹੁਤ ਥੋੜੀ ਮੇਹਨਤ ਨਾਲ ਮਿਲ ਜਾਵੇਗਾ, ਇੱਕ ਕਵੀਸ਼ਰ ਇਸ ਤਰ੍ਹਾਂ ਕਹਿੰਦਾ ਹੈ:-

ਕਬਿੱਤ ॥ ਕਸ਼ਮੀਰ ਵਿੱਚ ਸੂਬਾ ਖਾਨੇ ਅੰਧੇਰ ਜ਼ੁਲਮ ਬਹੁਤ ਕੀਤਾ ਕਰਦੇ ਪੰਜ ਸੌ ਹਿੰਦੂ ਮੁਸਲਮਾਨ ਸੁਬਹ ਸ਼ਾਮ ਜੀ। ਨੂੰਹਾਂ ਧੀਆਂ ਹਿੰਦੂਆਂ ਦੀਆਂ ਖੋਹ ਲੈਣ ਜ਼ੋਰ ਨਾਲ ਲੁੱਟ ਲੈਂਦੇ ਪਿੱਛੋਂ ਘਰ ਬਾਰ ਸੋ ਤਮਾਮ ਜੀ। ਪੂਜਾ ਪਾਠ ਸੰਧਿਆ ਬ੍ਰਾਹਮਣਾਂ ਨੂੰ ਨ ਕਰਨ ਦੇਨ ਕਲਮੇਂ ਪੜ੍ਹਾਵਨ ਦਿਨ ਰਾਤ ਸੁਬਹ ਸ਼ਾਮ ਜੀ। ਸੀਤਾ ਰਾਮਾ ਕੋਈ ਨ ਛੁਡਾਂਵਦਾ ਨਿਮਾਣਿਆਂ ਨੂੰ ਬੋਲਦਾ ਜੇ ਕੋਈ ਕਰ ਦੇਂਦੇ ਕਤਲਾਮ ਜੀ ॥ ੪੦ ॥ ਝਿਉਲ ॥ ਜ਼ੁਲਮ ਤਈ ਬਹੁ ਚੁਕੀ ਤੁਰਕਾਂ ਕਲਮ ਮੇਰੀ ਫਟ ਜਾਵੇ, ਕਰਦੀ ਹਾਵੇ। ਦੇਵੀ ਦੇਵਤੇ ਛੱਪ ਖਲੋਤੇ ਕੌਣ ਅਗੇ ਹੁਣ ਆਵੇ, ਮੂੰਹ ਦੀ ਖਾਵੇ। ਮੰਦਰ ਦਿਵਾਲੇ ਢਾਹ ਹਿੰਦੂਆਂ ਸਭ ਮਸੀਤ ਬਣਾਵੇ, ਪੇਸ਼ ਨਾ ਜਾਵੇ। ਕੁਆਰੀ ਸੁੰਦਰ ਕੰਨਿਆਂ ਦੇਖੇ ਘਰ ਤੇ ਪਕੜ ਮੰਗਾਵੇ, ਅਨੀਤਿ ਕਮਾਵੇ। ਲਿਜਾ ਮਸੀਤੇ ਕਰ ਮੁਸਲਮਾਨੀ ਜ਼ੋਰੀ ਨਿਕਾਹ ਪੜ੍ਹਾਵੇ, ਮਹਲੀਂ ਪਾਵੇ। ਰੋ ਰੋ ਆਹੀਂ ਮਾਰਨ ਹਿੰਦੂ ਕੌਣ ਤਿਨ੍ਹਾਂ

ਗਲ ਲਾਵੇ, ਕਰਦੇ ਹਾਵੇ। ਹੱਥ ਜੋੜਨ ਤੇਂ ਨੱਕ ਭੀ ਰਗੜਨ ਦੇਵੀ ਨਹਿੰਦਰਸਾਵੇ ਕਿ ਪਈ ਬਰਮਾਵੇ। ਓੜਕਨੂੰ ਸੁਣਨਾਮ ਸਿੰਘਾਂ ਦਾ ਵਜ਼ੀਰ ਬੀਰਬਲ ਆਵੇ, ਵਾਸਤੇ ਪਾਵੇ। ਹਥ ਜੋੜ ਬਡ ਦੀਨ ਹੋਇਕੇ ਕਰਦਾ ਜਾਇ ਪੁਕਾਰਾ, ਵਿੱਚ ਦਰਬਾਰਾ। ਪੂਜਾ ਅਤਿ ਦੁਖ ਪਾਇ ਭੇਜਦੀ ਸੁਣੋਂ ਸਿੰਘ ਸਰਦਾਰਾ, ਮਾਨ ਹੰਮਾਰਾ। ਧਰਤੀ ਕਿਤੇ ਨ ਝੱਲੇ ਸਾਨੂੰ ਸੁਣੀਓ ਮੇਰੀ ਪੁਕਾਰਾ, ਵਾਸਤੇ ਦਾਤਾਰਾ। ਫੌਜ ਚੜ੍ਹਾਓ ਫਤਹ ਸਭ ਪਾਓ ਸਾਨੂੰ ਦੇਓ ਛੁਟਕਾਰਾ, ਦੁਖ ਵਡਭਾਰਾ ॥ ੪੧ ॥ ਕਬਿੱਤ ॥ ਸੁਣੀ ਭੂਪ ਗੱਲ ਛੁਟਾ ਨੈਣਾਂ ਥੋਂ ਜਲ ਸੀਨਾ ਗਿਆ ਵਿਹੋਂ ਸਲ ਕਹਿਣ ਉੱਚੀ ਸੇ ਪੁਕਾਰਕੇ। ਕਰੋ ਲੈਕੇ ਧੀਰ ਅਬੀ ਮਾਰੂੰ ਕਸ਼ਮੀਰ ਸੁਟਾਂ ਦੁਸ਼ਟਾਂ ਨੂੰ ਚੀਰ ਜਾਕੇ ਨਾਲ ਤਲਵਾਰਕੇ। ਝੱਟਸਰਕਾਰ ਫੌਜਾਂ ਕੀਤੀਆਂ ਤਿਆਰ ਮੂੰਹੋਂ ਕਿਹਾ ਬਾਰ ਬਾਰ ਹਰੀਸਿੰਘ ਕੋ ਵੰਗਾਰਕੇ। ਸੀਤਾਰਾਮਾ ਬਾਝ ਤੇਰੇ ਹੋਵਨਾ ਨ ਕਾਜ ਓਥੇ ਕਰੋ ਬੈਠੇ ਰਾਜ ਕਸ਼ਮੀਰ ਸ਼ਹਿਰ ਮਾਰਕੇ ॥ ੪੨ ॥ ਸੁਨਕੇ ਬਚਨ ਹਰੀਸਿੰਘ ਸਰਦਾਰ ਕ੍ਰੁੱਧ ਸ਼ੇਰ ਵਾਂਗੂ ਮਾਰ ਕਹਿੰਦਾ ਬਹੁਤ ਹੱਛਾ ਭੂਪ ਜੀ। ਅਬੀ ਕਸ਼ਮੀਰ ਫਤਹ ਕਰੂੰ ਕ੍ਰਿਪਾ ਆਪਦੀ ਸੇ ਮਾਰ ਕੇ ਮਲੇਛ ਪਾਪੀ ਭੁਤ ਦੇਵਾਂ ਕੂਪ ਜੀ। ਤੁਰ ਪੈਂਦਾ ਨਾਲ ਲੈ ਖੜਕਸਿੰਘ ਕੌਰ ਤਾਂਈ ਉਡਦੇ ਸੀ ਘੋੜੇ ਝੱਲੇ ਜਾਨ ਨ ਸਰੂਪ ਜੀ। ਸੀਤਾਰਾਮਾ ਹੱਥ ਜੋੜ ਕੀਤੀ ਅਰਦਾਸ ਸਿੰਘਾਂ ਹੋਯਾ ਕੂਚ ਦਾ ਹੁਕਮ ਵਾਜੇ ਵੱਜਦੇ ਅਨੂਪ ਜੀ ॥ ੪੩ ॥ ਬੱਦਲਾਂ ਦੀ ਛਾਈ ਚੜ੍ਹਾਈ ਤਿਵੇਂ ਖਾਲਸੇ ਦੀ ਧਰਤੀ ਕੰਬਾਵਨ ਮਾਰ ਮਾਰ ਕਿਲਕਾਰੀਆਂ। ਆਪੋ ਵਿਚ ਕਹਿਨ ਜੀਉਂਦਾ ਛਡੋ ਨ ਆਕੀ ਕੋਈ ਢਾਹ ਦੇਵੋ ਮਸੀਤਾਂ ਕਿਲੇ ਬੁਰਜ ਤੇ ਅਟਾਰੀਆਂ। ਜ਼ਬਲ ਜੁਰਅਤ ਸਿੰਘ ਸੂਰਮੇ ਦਲੇਰ ਸ਼ੇਰ ਪਹੁੰਚੇ ਕਸ਼ਮੀਰ ਵਿੱਚ ਮਾਰਕੇ

ਕੁਫਾਰੀਆਂ। ਸੀਤਾਰਾਮਾ ਲਾ ਦੇਂਦੇ ਸੋਰਕੇ ਮੈਦਾਨ ਵਿਚ ਮਾਰ ਕੇ ਗੋਲੀਆਂ ਮਰਾਉਣ ਧੂੰਦਕਾਰੀਆਂ ॥ ੪੪ ॥ ਪੈ ਗਿਆ ਬਦ-ਲਾਣ ਤਰਥਲਾਟ ਕਸ਼ਮੀਰ ਵਿਚ ਉੱਠ ਨਠੇ ਮੁਗਲ ਰਾਹ ਲੱਭਦਾ ਨ ਜਾਣੇ ਨੂੰ। ਮਾਰ ਮਾਰ ਸਿੰਘਾਂ ਗੀਸ ਮੁਰਦਿਆਂ ਦੇ ਲਾਇ ਦਿਤੇ ਗਿਰਝਾਂ ਤੇ ਇਲਾਂ ਉਡ ਆਈਆਂ ਮਾਸ ਖਾਣੇ ਨੂੰ। ਜ਼ਾਲਮ ਸੀਨੇਹਤੇ ਕੋਈ ਆਂਵਦਾ ਨ ਨੇੜੇ ਕੋਹੜਾ ਛੁੱਮਣੇ ਨੂੰ ਫੇੜ ਤੇ ਮਿਟਾਵੇਕੋਹੜਾ ਭਾਣੇ ਨੂੰ। ਸੀਤਾਰਾਮਾ ਛੁੱਨ ਸੁਟੇ ਸੋਏ ਵਾਂਗੂੰ ਗੀਨ ਸੁਟੇ ਭੇਡਾਂ ਵਾਂਗੂੰ ਮੁੰਨ ਸੁਟੇ ਰੋਂਵਦੇ ਘਰਾਣੇ ਨੂੰ ॥ ੪੫ ॥ ਹਰੀਸਿੰਘ ਸੂਰਮਾ ਤੇ ਖੜਕਸਿੰਘ ਕੌਰ ਦੋਵੇਂ ਜਿਤਕੇ ਮੁਲਕ ਮਾਹੂ ਖੁਸ਼ੀ ਦਾ ਵਜਾਂਵਦੇ। ਰਿਹਾਨ ਕੋਈ ਆਕੀ ਬਾਕੀ ਸ਼ਹਿਰ ਕਸ਼ਮੀਰ ਵਿਚ ਜਗਾ ਜਗਾ ਉਤੇ ਠਾਣੇ ਆਪਨੇ ਬਿਠਾਂ-ਵਦੇ। ਬੋਲਦੇ ਜੈਕਾਰੇ ਸਿੰਘ ਬੜੀ ਧੂਮਧਾਮ ਨਾਲ ਗੁਰਾਂ ਦੀ ਨਗਰੀ ਸ੍ਰੀ ਅੰਮ੍ਰਿਤਸਰ ਆਂਵਦੇ। ਸੀਤਾਰਾਮਾ ਕਰਦੇ ਅਸ਼ਨਾਨ ਪੁੰਨਦਾਨ ਬਹੁ ਮਹਾਰਾਜ ਸੋਨਾ ਸਬ ਦਰਬਾਰ ਕੋ ਚੜ੍ਹਾਂਵਦੇ॥੪੬

ਪਹਿਲੀਵਾਰੀ ਸੰਨ ੧੮੪੪ ਈ: ਵਿਚ ਸਰਕਾਰ ਨੇ ਫੌਜ ਕਸ਼ਮੀਰ ਤੇ ਭੇਜੀ ਸੀ ਪਰ ਮੌਸਮ ਸਰਦੀ ਦਾ ਤੇ ਰਸਤੇਦੀ ਨਾ ਵਾਕਫੀਯਤ ਕਰਕੇ ■ ਪਹੁੰਚਸਕੇ, ਪਰ ਐਤਕੀ ਦੀ ਮੁਹਿੰਮ ੨੬ ਫਰਵਰੀ ੧੮੧੮ ਈ: ਨੂੰ ਚੜ੍ਹੀ, ਜਿਸਦੇ ਇੱਕ ਬ੍ਰਿਗੇਡ ਨਾਲ ਸ਼ਾਹਿਜ਼ਾਦਾ ਖੜਕਸਿੰਘ ਜੀ ਬਹਿਰਾਮ ਗਲੀ ਦੇ ਰਾਹ, ਦੂਸਰੇ ਨਾਲ ਜਨਰਲ ਸਰਦਾਰ ਹਰੀਸਿੰਘਸਿਧਾ, ਅਤੇਰੀਸਰਾਦੀਵਾਨ ਚੰਦ ਦੇ ਮਾਤੇਹਤ ਭਿੰਬਰ ਦੇ ਰਸਤੇ ਅਗੇ ਵਧਿਆ.

ਜਦ ਏਹ ਫੌਜ ਓਥੇ ਪਹੁੰਚੀ ਤਾਂ ਪਠਾਂਨਾ ਨੇ ਭੀ ਖੂਬ ਡੱਟਕੇ ਮੁਕਾਬਲਾ ਕੀਤਾ, ਸਵੇਰੇ ਜਦ ਸਰਦਾਰ ਜੀ ਅਪਨੇ ਨਿਤ ਨੇਮ ਤੋਂ ਹਟੇ ਤਾਂ ਸੱਤ ਬਜੇ ਲੜਾਈ ਸ਼ੁਰੂ ਹੋ ਗਈ,

ਖੂਬ ਖਟਾਖਟ ਬੰਦੂਕਾਂ ਤਲਵਾਰਾਂ ਚਲੀਆਂ, ਦੁਵੱਲਣ ਚੋਣਵੇਂ ਸੂਰਮੇ ਤੇ ਗੋਣਵੇਂ ਬਹਾਦੁਰ ਜੁਏ ਅਤੇ ਆਪਣੇ ਮਾਲਕਾਂ ਵਾਸਤੇ ਵਧ ਚੜ੍ਹ ਕੇ ਲੜੇ, ਸੰਧਿਆਂ ਵੇਲੇ ਤਕ ਤਲਵਾਰ ਤੇ ਤਲਵਾਰ ਖੜਕੀ, ਪਠਾਂਨਾ ਨੂੰ ਕਸ਼ਮੀਰ ਜੇਸਾ ਘਰ ਛਡਣਾ ਮੁਸ਼ਕਿਲ ਤੇ ਸਿੰਘਾਂ ਨੂੰ ਚੜ੍ਹਾਈ ਕਰਕੇ ਸਾਨਾ ਤੇ ਅਕਾਰਥ ਮੁੜਨਾ ਮੁਸ਼ਕਿਲ ਸੀ। ਉਧਰ ਦੇ ਮੁੱਲਾਂਣੇ ਕੂਕ ਕੂਕ ਕੇ ਕਾਫਰਾਂ ਦੇ ਸਿਰ ਵੱਢਨ ਵਾਸਤੇ ਸੁਣਾਂਵਦੇ ਤੇ ਦਮ ਬਦਮ ਹੌਸਲਾ ਵਧਾਉਂਦੇ, ਪਰ ਏਧਰ ਸਿੰਘ ਭੀ ਕੁਝ ਘੱਟ ਨਹੀਂ ਸੀ ਅਕਾਲ ਦੇ ਦੇ ਜੈਕਾਰੇ ਗਜਾਉਂਦੇ ਅਗੇ ਵਧਦੇ ਤੇ ਨਕਦ ਜਾਨ ਦੇ ਬਦਲੇ ਸ਼ਹੀਦੀ ਖਰੀਦਕੇ ਸ੍ਰੀਗੁਰੂ ਗੋਬਿੰਦਸਿੰਘ ਜੀ ਦੇ ਅੰਮ੍ਰਿਤ ਨੂੰ ਸਫਲਾ ਕਰਕੇ ਦਸਦੇ ਸਨ। ਲਹੂ ਦੇ ਨਾਲੇ ਵਗ ਤੁਰੇ ਲੋਥਾਂ ਤੇ ਲੋਥਾਂ ਪਈਆਂ ਸ਼ਟਕੀਦੀਆਂ ਸਨ, ਕਈ ਸਿਸਕਦੇ, ਕਈ ਪਾਣੀ ਮੰਗਦੇ, ਪਰ ਉਥੇ ਕੌਨ ਕਿਸੇ ਨੂੰ ਪੁੱਛੇ ?

ਜਦ ਸੂਰਜ ਭੀ ਇਨ੍ਹਾਂ ਦੇ ਐਸੇ ਕਾਰਨਾਮੇ ਦੇਖਕੇ ਥੱਕਦਾ ਹੁੱਟਦਾ ਆਰਾਮ ਕਰਨ ਚਲਿਆ ਤੇ ਫੌਜਾਂ ਭੀ ਠਹਿਰੀਆਂ, ਤਾਂ ਸਰਦਾਰ ਹਰੀਸਿੰਘ ਨੇ ਵੰਗਾਰਕੇ ਫੌਜ ਨੂੰ ਕਿਹਾ ਕਿ ਖਾਲਸਾ ਜੀ ਅੱਧਾ ਘੰਟਾ ਹੋਰ ਜੁਟੋ, ਪਠਾਨਾਂ ਹੌਸਲਾ ਤੋੜ ਦਿੱਤਾ ਹੈ ਤੇ ਇਸੇ ਅੱਧੇ ਘੰਟੇ ਦੇ ਵਾਸਤੇ ਸਾਰੀ ਆਦਨ ਦੀ ਖੇਚਲ ਤੇ ਇਲਾਕਾ ਕਸ਼ਮੀਰ ਮਿਲਦਾ ਹੈ ਤੇ ਜੇ ਨਹੀਂ ਤਾਂ ਦਿਨ ਚੜ੍ਹੇ ਬਹੁਤ ਪਠਾਨ ਮੁਲਖੇਯਾ ਆ ਜਾਵੇਗਾ ਤੇ ਲੜਨਾ ਮੁਸ਼ਕਿਲ ਹੋਵੇਗਾ.

ਸਰਦਾਰ ਏਹ ਬਾਤ ਕਹਿੰਦਾ ਹੀ ਆਪਣੀ ਤਲਵਾਰ ਖਿੱਚ ਨਸ਼ਾਨਚੀ ਨਾਲ ਲੈਕੇ ਅੱਗੇ ਵਧਿਆ, ਸ਼ਹਿਜ਼ਾਦਾ ਖੜਕਸਿੰਘ ਭੀ ਕੁਝ ਕਾਬਾਦਮ ਬਾਡੀ ਗਾਰਡ ਦੇ ਸਮੇਤ ਨਾਲੇ ਹੀ ਅਗੇ

ਥਾਪਿਆ, ਮਾਰੂ ਰਣਜੀਤ ਨਗਾਰੇ ਨੂੰ ਚੋਟ ਦੇਨ ਦਾ ਹੁਕਮ ਦਿਤਾ ਗਿਆ। ਬਸ ਦੇਰ ਕੀ ਸੀ ਕਿ ਜਦ ਸਰਦਾਰ ਹਰੀਸਿੰਘ ਜੀ ਜੈਸੇ ਜਨਰਲ ਸੂਰਮੇ, ਪ੍ਰਿੰਸ ਖੜਕਸਿੰਘਜੀ ਵਰਗੇ ਸ਼ੀਂਹ ਦਲੇਰ ਸ਼ਹਿਜ਼ਾਦੇ ਲੜਾਈ ਦੇ ਮੋਹਰੀ ਹੋਜਾਨ ਤੇ ਫਤਹ ਹੱਥ ਜੋੜਕੇ ਨ ਹਾਜ਼ਰ ਹੋਵੇ, ਪਲੋਪਲੀ ਵਿੱਚ ਖਾਲਸੇ ਨੇ ਪਠਾਨਾਂ ਨੂੰ ਹਾੜ੍ਹੀ ਦੇ ਖੇਤ ਵਾਂਗੂ ਲਾਪਰਿਆ, ਅਤੇ ਐਸੀ ਛਾਂਗ ਦਿਤੀ ਕਿ "ਯਾ ਅਲਹ ਈ ਹਿ ਬਲਾਯਸਤ" ਦੇ ਸ਼ੋਰ ਕਰਦੇ ਪਠਾਨ ਭੱਜ ਗਏ, ਅਤੇ ਏਨ੍ਹਾਂ ਦੇ ਅਫਸਰ ਮਿਹਰਦਿਲਖਾਂ ਤੇ ਸੁਮੰਦਖਾਂ ਲੜਾਈ ਵਿਚ ਜੂਝੇ। ਇਸ ਕਰੜੀ ਲੜਾਈ ਪਿਛੋਂ ਕਸ਼ਮੀਰ ਦਾ ਸੂਬਾ ਸ਼ੇਰ ਪੰਜਾਬ ਦੇ ਰਾਜ ਵਿੱਚ ਮਿਲਾਯਾਗਿਆ ਤੇ ਦੀਵਾਨ ਮੋਤੀਰਾਮ ਸਰਕਾਰ ਦੀ ਆਗਿਆਨੁਸਾਰ ਓਥੋਂ ਦਾ ਗਵਰਨਰ ਥਾਪਿਆ ਗਿਆ ਤੇ ਫੌਜ ਵਾਪਸ ਹੋਈ.

## ਗਵਰਨਰੀ ਕਸ਼ਮੀਰ.(੧੧)

ਥੋੜੇ ਦਿਨਾਂ ਪਿਛੋਂ ਦੀਵਾਨ ਮੋਤੀਰਾਮਦਾ ਪੁਤ੍ਰ ਜੀਵਾਨ ਰਾਮ ਇਆਲ ਲੜਾਈ ਵਿੱਚ ਮਾਰਿਆ ਗਿਆ ਜਿਸ ਕਰਕੇ ਦੀਵਾਨ ਮੋਤੀਰਾਮ ਨੇ ਸੰਸਾਰ ਅਸਾਰ ਤੋਂ ਚਿੱਤ ਚੁਕਿਆ ਤੇ ਲਾਹੌਰ ਅਰਜ਼ੀ ਭੇਜੀ ਕਿ ਮੈਂ ਪੁਤ੍ਰ ਦੀ ਗਤੀ ਕਰਾਉਣ ਵਾਸਤੇ ਕਾਂਸ਼ੀ ਜੀ ਜਾਨਾ ਚਾਹੁੰਦਾ ਹਾਂ ਸੋ ਮੇਰਾ ਨੌਕਰੀ ਤੋਂ ਅਸਤੀਫਾ ਮਨਜ਼ੂਰ ਕੀਤਾ ਜਾਵੇ। ਹੁਣ ਏਸਦੀ ਥਾਂ ਬਹਾਦੁਰ ਸਰਦਾਰ ਹਰੀਸਿੰਘ ਗਵਰਨਰ ਹੋਇਆ ਤਾਂਕਿ ਸਰਹੱਦੀ ਹਦ ਬੰਦੀ ਭੀ ਕਰੇ ਤੇ ਕੁਛ ਮੁਲਕ ਵਧਾਕੇ ਪਠਾਨਾਂ ਤੇ ਸਿੰਘਾਂ ਦਾ ਸਿੱਕਾ ਭੀ ਬਿਠਾਵੇ.

ਭਾਵੇਂ ਸਰਦਾਰ ਜੀ ਇਕ ਸਾਲ ਦੇ ਕਰੀਬ ਹੀ ਏਥੇ ਗਵਰਨਰ ਰਹੇ, ਪਰ ਏਨ੍ਹਾਂ ਦੇ ਬੰਦੋਬਸਤ ਸਭ ਤੋਂ ਵਧਕੇ

ਸਨ। ਸਾਰੇ ਸਰਕੱਸ਼ਾਂ, ਬਾਗੀਆਂ ਨੂੰ ਸਿੱਧਾ ਕੀਤਾ, ਕਈ ਰਈਸ ਜੋ ਦੀਵਾਨ ਮੋਤੀਰਾਮ ਦੇ ਵੇਲੇ ਸਿਰਫ ਥੋੜਾ ੨ ਹੀ ਨਜ਼ਰਾਨਾ ਦੇਂਦੇ ਸਨ, ਮਾਤਹਿਤ ਕੀਤੇ ਤੇ ਹਰ ਇਕ ਐਸੇ ਰਈਸ ਤੋਂ ਯਰਗਮਾਲ ( ਜ਼ਮਾਨਤ ਦੇ ਤੌਰ ਤੇ ਇੱਕ ਰਿਸ਼ਤੇਦਾਰ ਆਪਣੇ ਪਾਸ ਰੱਖਣਾ) ਮੰਗੀ.

ਇਸ ਹੁਕਮ ਨਾਲ ਬੜੀ ਖਿਲਬਲੀ ਮਚ ਗਈ ਸਾਜ਼ਸ਼ਾਂ ਹੋਈਆਂ, ਤੇ ਬਾਰਾਂ ਮੂਲਾ, ਛੱਪਰ ਚੌਕ, ਆਦਿਕ ਵਿੱਚ ਫਸਾਦ ਹੋਇਆ ਪਰ ਸਰਦਾਰ ਨੇ ਸਬਨਾਂ ਬਾਗੀਆਂ ਨੂੰ ਹੇਠਾਂ ਦਿਤਾ ਤੇ ਇਕ ੨ ਫ਼ਸਾਦੀ ਨੂੰ ਚੁਣ ੨ ਕੇ ਸਿੱਧਾ ਕੀਤਾ ਅਤੇ ਯਰਗਮਾਲ ਦੀ ਵੀ ਪੂਰੀ ੨ ਲਈ.

## ਖੱਖਿਆਂ ਦੀ ਲੜਾਈ. (੧੨)

ਮੁਸਲਮਾਨਾਂ ਦੇ ਜ਼ੁਲਮ ਨਾਲ ਖੱਤ੍ਰੀ ਜੋ ਏਧਰ ਮੁਸਲ-ਮਾਨ ਹੋਏ ਤੇ ਦਰਯਾ ਜੇਹਲਮ ਦੇ ਕੰਢੇ ੨ ਵੱਸਦੇ ਸੀ ਜੋ ਆਪਣੀ ਜ਼ਾਤ ਹੁਣ ਖਖੇ ਰਾਜਪੂਤ ਸਦਦੇ ਸੀ ਏਨ੍ਹਾਂ ਦਾ ਰਈਸ ਗੁਲਾਮਅਲੀ ਸੀ ਜੋ ਬੜਾ ਹਿਕਮਤੀ, ਫਸਾਦੀ, ਤੇ ਚੋਣਵਾ ਧਾੜਵੀ ਸੀ. ਇਕ ਦੋ ਵਾਰੀ ਸਰਕਾਰ ਨੇ ਭੀ ਕੁਛ ਫੌਜ ਭੇਜੀ ਪਰ ਏਹ ਲੁਕ ਛਿੱਪਕੇ ਦਿਨ ਕੱਟ ਲੈਂਦਾ ਤੇ ਪਿਛੋਂ ਫੇਰ ਓਹੋ ਲੁਟਮਾਰ ਕਰਦਾ, ਸੋਹਣੇ ਇਸਦੀਆਂ ਬਹੁਤ ਦਿਲਚਲੀਆਂ ਵੇਖ ਕੇ ਸਰਦਾਰ ਹਰੀ ਸਿੰਘ ਨੇ ਚੜ੍ਹਾਈ ਕੀਤੀ ਤੇ ਇਸ ਨੂੰ ਕੈਦ ਕਰਕੇ ਮਹਾਰਾਜਾ ਰਣਜੀਤਸਿੰਘਜੀ ਪਾਸ ਲਾਹੌਰ ਭੇਜ ਦਿੱਤਾ ਇਸਦੇ ਫੜੇ ਜਾਣ ਨਾਲ ਸਭ ਦੇਸ ਤੇ ਸਿੱਕਾ ਬੈਠ ਗਿਆ। ਸਰਕਾਰ ਨੇ ਐਸੇ ਫਸਾਦੀ ਧਾੜਵੀ ਨੂੰ ਕੈਦ ਕੀਤਾ ਦੇਖਕੇ ਸਰ-ਦਾਰ ਹਰੀਸਿੰਘ ਨੂੰ ਖੁਸ਼ੀ ਦੇ ਪਰਵਾਨੇ ਲਿਖੇ ਤੇ ਹੁਕਮ ਦਿੱਤਾ

ਕਿ ਸਰਦਾਰ ਹਰੀਸਿੰਘ ਦੇ ਨਾਮ ਦਾ ਰੁਪਯਾ ਕਸ਼ਮੀਰ ਵਿੱਚ
ਚੱਲਨ ਲੱਗੇ,ਤਾਕਿ ਐਸੇ ਬਹਾਦੁਰ ਸ਼ੇਰਦੇ ਅਦੁਤੀਕਾਰਨਾਮੇ
ਦੇ ਜਾਨ੍ਹੀਲਨ ਦੀਸੇਵਾ ਸਦਾ ਯਾਦ ਰਹੇ,ਇਸੇ ਸਾਲ ਸਰਦਾਰ
ਨੇ ਪੁੰਨਛ,ਰਾਜੌਰੀ,ਕਿਲਾਦਰਾਬੰਦ,ਪਖਲੀ, ਧਮਤੌਰ ਤੇ ਹੋਰ
ਸਬ ਦੇਸ ਨੂੰ ਆਪਨੇ ਮਾਤੈਹਤ ਕਰ ਲਿਆ ਤੇ ਹਰ ਇਕ
ਕਿਲੇ ਵਿੱਚ ਆਪਣੇ ਠਾਣੇ ਬਿਠਾਏ.

## ਨਾਂਗਲ ਦੀ ਲੜਾਈ ਤੇ ਖਾਲਸੇ ਜੀ ਦਾ ਟੈਕਸ. ( ੧੩ )

ਇਸੇ ਸਾਲ ਦੇ ਅਖੀਰ ਵਿੱਚ ਸਰਕਾਰ ਨੂੰ ਪਿਸ਼ਾਵਰ
ਆਦਿਕ ਸਰਹੱਦੀ ਮੁਲਕਾਂ ਦੀ ਸੁਧਾਈ ਵਾਸਤੇ ਸਰਦਾਰਹਰੀ
ਸਿੰਘਦੀ ਲੋੜ ਪਈ ਅਤੇ ਕਾਬਲੀ ਫੌਜਦੇ ਸਾਹਮਣੇ ਲੜਾਈ
ਲਈ ਚੁਣਿਆ, ਕਹਿੰਦੇ ਹਨ ਕਿ ਰਾਜਾ ਹੀਰਾਸਿੰਘ,ਜਮਾਦਾਰ
ਖੁਸ਼ਾਲਸਿੰਘ ਤੇ ਮਿਸਰਦੀਵਾਨਚੰਦ ਝਰੋਰਾ ਜੋਮੂੰਹਚੜ੍ਹੇਵਜ਼ੀਰ
ਸਨ ਸੋ ਉਨ੍ਹਾਂਦੀ ਸਿਖਾਊਟਕਰਕੇ ਸਰਦਾਰਜੀਨੂੰ ਕੋਈਸਾਲ ਭੀ
ਸੁਖਦਾ ਨ ਕੱਟਣਾ ਮਿਲਿਆ,ਅਤੇ ਹੁਣਕਸ਼ਮੀਰਦੀਗਵਰਨਰੀ
ਤੋਂ ਦੂਸਰੇ ਪਾਸੇ ਲਹੂ ਦੀ ਨਦੀ ਵਿੱਚ ਤਰਨ ਵਾਸਤੇ ਪਰਵਾਨਾ
ਭਿਜਵਾਯਾ ਗਿਆ,ਅਸਲ ਵਿੱਚ ਸਰਦਾਰਜੀਦੀ ਚੜ੍ਹਦੀਕਲਾ
ਨੇ ਬਰਾਹਮਣਾ ਵਜ਼ੀਰਾਂ ਦੀ ਦਿਲੀ ਦੁਸ਼ਮਨੀ ਖਰੀਦਲਈ ਸੀ
ਤੇ ਓਹ ਦਿਨ ਰਾਤ ਇਸ ਅਦੁੱਤੀ ਸਰਦਾਰ(ਜਿਸਦੇਬਲਬੁਧਿ
ਦਾ ਫਲ ਓਹ ਆਪ ਭੋਗ ਰਹੇ ਸਨ)ਦੇ ਮਾਰਨ ਦੇ ਯਤਨ ਵਿੱਚ
ਸੇ,ਜੋ ਉਨ੍ਹਾਂਦੀ ਕੌਮ ਦਾ ਇੱਕ ਹੱਥ ਦਾ ਕਰਤਬ ਹੈ,ਭਲਾ ਹੁਣ
ਕਦ ਇਸ ਆਪਨੀ ਪੀੜ੍ਹੀਆਂਦੀ ਸੌਂਹੀ ਸਿਫਤਨੂੰ ਛੱਡਣ ਲੱਗਦ

ਢੌਂਦੇ ਅਤੇ ਪਿਛੇ ਰਹਿਕੇ ਮਿੱਤ੍ਰਘਾਤ ਦੇ ਪਾਪ ਤੋਂ ਬਚਦੇ.

ਸਰਦਾਰ ਮੁੰਘਿਰੇ ਦੀ ਲੜਾਈ ਵਿੱਚ ਜਾਨ ਵਾਸਤੇ (ਜਿਸ ਵਿੱਚ ਮਹਾਰਾਜ ਆਪ ਹੀ ਸਨ) ਕਸ਼ਮੀਰ ਦੀ ਗਵਰਨਰੀ ਦੀ ਕੈਮ ਫਿਰ ਦੀਵਾਨ ਮੋਤੀਰਾਮ ਨੂੰ ਦੇਕੇ ਤੁਰ ਪਿਆ.

ਇਸ ਵਕਤ ਏਹਨਾਂ ਨਾਲ ਕੋਈ ਸੱਤ੍ਹ ਹਜ਼ਾਰ ਫ਼ੌਜ ਸੀ, ਫੁਪਕਲੀ ਦੇ ਰਸਤੇ ਹਜ਼ਾਰੇ ਜਾਨ ਵਾਸਤੇ ਏਹ ਕਸ਼ਮੀਰੋਂ ਆਏ, ਜਦ ਨਾਂਗਲ ਦੇ ਨੇੜੇ ਆਏ ਤਾਂ ਪਤਾ ਲੱਗਾ ਕਿ ਬਹੁਤ੍ਹ ਸਾਰਾ ਮੁਲਖੱਯਾ ਤੇ ਫੌਜ ਮੁਹੰਮਦਖਾਂਤ੍ਰੀਨ ਦੇ ਮਾਤੈਹਤ ( ਜੋ ਉਧਰ ਇੱਕ ਚਲਤਾ ਪੁਰਜ਼ਾ ਸੀ ) ਲੜਾਈ ਵਾਸਤੇ ਤਿਆਰ ਹੈ, ਤੇ ਮਰਨਾ ਮਾਰਨਾ ਠਾਣੀ ਬੈਠੀ ਹੈ। ਇਸ ਲੜਾਈ ਵਿੱਚ ਤਨੌਲੀ ਤੇ ਜੱਦੋਂ ਆਦਿਕ ਕੌਮਾਂ ਦੇ ਸਭ ਸਰਦਾਰ ਸੱਠ ਸੱਤਰਹ੍ਹ ਹਜ਼ਾਰ ਦੀ ਭੀੜਭਾੜ ਤੋਂ ਭੀ ਵਧੀਕ ਸ਼ਾਮਿਲ ਸਨ.

ਚੂੰਕਿ ਸਰਦਾਰ ਜੀ ਨੂੰ ਜਲਦੀ ਜਾਨ ਦਾ ਹੁਕਮ ਸੀ, ਇਸ ਵਾਸਤੇ ਅਮਨ ਨਾਲ ਫ਼ੌਜ ਨੂੰ ਲੰਘਾਨ ਦੀ ਕੋਸ਼ਿਸ਼ ਕੀਤੀ, ਪਰ ਇਸਦਾ ਫਲ ਉਹ ਪਠਾਨ ਸਰਦਾਰ ਜੀ ਨੂੰ ਕਾਇਰ ਸਮਝਕੇ ਲੜਾਈ ਲਈ ਅਗੇ ਵਧੇ, ਬਲਕਿ ਉਨ੍ਹਾਂ ਕਸ਼ਮੀਰੀ ਸੁਗਾਤਾਂ ਤੇ ਮਸੂਲ ਮੰਗਨ ਲਗੇ, ਜੋ ਸਰਦਾਰਜੀ ਨੇ ਮਹਾਰਾਜੇ ਵਾਸਤੇ ਲਾਹੌਰ ਲੈਜਾਨ ਵਾਸਤੇ ਏਹਥਾ ਆਂਦੀਆਂ ਸਨ.

ਭਾਵੇਂ ਇਸ ਵਕਤ ਆਪਨੀ ਫੌਜ ਦੀ ਕਮੀ ਤੇ ਦੁਸ਼ਮਨ ਦੀ ਫੌਜਦਾ ਪੈਰੋ ਪੈਰ ਵਾਧਾ ਦੇਖਕੇ ਹੀਗੇ ਤੋਂ ਹੀਗੇ ਦਲੇਰਬਹਾਦੁਰ ਲਈ ਭੀ ਖ਼ਿੱਸੀ ਖਾਨ ਦਾ ਸਮਾ ਸੀ, ਪਰ ਇਸ ਅਡੋਲਹਿਰਦੇ ਨੇ ਆਪਨੀ ਸੱਚੀ ਨਿਰਭੈਯਤਾ ਦੱਸੀ ਅਤੇ ਆਪ ਤੋਂ ਦਸਗੁਣਾ ਫ਼ੌਜ ਦੇ ਸਾਹਮਣੇ ਲੜਾਈ ਦਾ ਜਵਾਬ ਲੜਾਈ ਹੀ ਦਿੱਤਾ.

ਪਠਾਨ ਆਪਨੀ ਫੌਜਦੇ ਤੇ ਪਕੇ ਮੋਰਚਿਆਂ ਦੇ ਘੁਮੰਡ ਵਿੱਚ

ਸਨ, ਪਰ ਸਿੰਘਾਂ ਇੱਕ ਅਕਾਲਪੁਰਖ ਦੀ ਓਟ ਤੇ ਸਤਿਗੁਰਾਂ ਦੇ ਸੱਚੇ ਅੰਮ੍ਰਿਤ ਦੀ ਸੱਚੀ ਬਹਾਦੁਰੀ ਧਾਰਮਿਕ ਜੋਸ਼ ਕਰਕੇ ਮਰਨ ਮਾਰਨ ਠਾਨ ਚੁਕੇ ਸੀ, ਗਲ ਕੀ ਬੜੀ ਹੀ ਲੜਾਈ ਹੋਈ। ਭਾਵੇਂ ਖਾਲਸੇ ਜੀ ਦੀ ਤਲਵਾਰ ਦਾਤ੍ਰੀ ਵਾਂਗੂ ਵਾਢੀ ਕਰਦੀ ਸੀ, ਪਰ ਫਿਰ ਭੀ ਲੁੱਟ ਮਾਰ ਦੀ ਆਸ ਤੇ ਦੁਸ਼ਮਨ ਨਾਲ ਹੋਰ ਮੁਲਖੈਯਾ ਪਲ ਬਪਲ ਵਧ ਰਿਹਾ ਸੀ, ਤੇ ਕੌਮੀ ਜੋਸ਼ ਅਫ਼ਸਰਾਂ ਦੇ ਅਵਾਜ਼ੇ 'ਯਾ ਅਲੀ ਦ '' ਦੇ ਨਾਰੇ ਪਠਾਨਾਂ ਦੇ ਹੌਸਲੇ ਵਧਾ ਰਹੇ ਸਨ, ਤੇ ਇਸ ਥੋੜੇ ਜਿਨੇ ਸਿੰਘਾਂ ਦੇ ਦਸਤੇ ਦੇ ਹੱਥ ਪੈਰ ਹੌਕੇ ਗਏ। ਏਹ ਦੇਖਕੇ ਸਰਦਾਰ ਜੀ ਆਪਨੀ ਫੌਜ ਨੂੰ ਬੀਰ ਰਸ ਵਿੱਚ ਪ੍ਰੇਰਨ ਵਾਸਤੇ ਆਪ ਤਲਵਾਰ ਧੂਹਕੇ ਸਭ ਤੋਂ ਅਗੇ ਵਧੇ, ਤੇ ਏਹ ਗੁਰਵਾਕ ਸੁਣਾਇਆ॥ ਸਵੈਯਾ॥

"ਛੱਤ੍ਰੀ ਕੋ ਪੂਤ ਹੋਂ ਬਾਮਨ ਕੋ ਨਹਿ ਕੈ ਤਪ ਆਵਤ ਹੈ ਜੋ ਕਰੋਂ। ਅਰ ਔਰ ਜੰਜਾਰ ਜਿਤੋ ਗ੍ਰਹਿਕੇ ਤੁਹਿ ਤਿਆਗ ਕਹਾਂ ਚਿੱਤ ਤਾਂ ਮੈ ਧਰੋਂ? ਅਬ ਰੀਝਕੇ ਦੇਹਿ ਵਹੈ ਹਮਕੋ ਜੋਊ ਹਊ ਬਿਨਤੀ ਕਰ ਜੋਰ ਕਰੋਂ। ਜਬ ਆਉ ਕੀ ਅਉਧ ਨਿਦਾਨ ਬਨੈ ਅਤਿ ਹੀ ਰਣ ਮੈ ਤਬ ਜੂਝ ਮਰੋਂ" ॥ ੧॥

ਬਸ ਸਰਦਾਰ ਜੀ ਦੇ ਅਗੇ ਵਧਨ ਦੀ ਹੀ ਗੱਲ ਸੀ, ਕਿ ਪਠਾਨਾਂ ਗਾਜੀਆਂ ਦੇ ਪੈਰ ਹਿੱਲ ਗਏ, ਲੋਹੇ ਤੇ ਲੋਹਾ ਬਰ-ਸਿਆ, ਸੈਂਕੜਿਆਂ ਦੇ ਸੱਥਰ ਵਿੱਛ ਗਏ, ਅਨਗਿਣਤ ਜ਼ਖਮੀ ਹੋਏ ੨ ਪਾਨੀ ਵਾਸਤੇ ਕਰਬਲਾਟ ਕਰ ਰਹੇ ਸਨ, ਲਹੂ ਦੇ ਲਾਲ ਰੰਗ ਦੀ ਚਾਦਰ ਜ਼ਮੀਨ ਨੂੰ ਵਿਛਾਉਣੀ ਦਿੱਤੀ ਗਈ ਤੇ ਸੂਰਮਿਆਂ ਨੂੰ ਉਤੇ ਆਰਾਮ ਕਰਨ ਵਾਸਤੇ ਲਿਟਾਇਆ ਗਿਆ ਪਲੋਪਲੀ ਵਿੱਚ ਓਹ ਤੜਥੱਲ ਮੱਚਿਆ ਕਿ ਪਠਾਨ ਘਾਬਰ ਗਏ ਜਿੱਧਰ ਵੱਧ ਤਲਵਾਰ ਚਲਦੀ ਓਥੋਂ ਭੱਜ ਜਾਂਦੇ ਤੇ ਕ੍ਰਹਿੰਦੇ

ਜਾਂਦੇ 'ਹਰੀਆਆਮਦ,ਹਰੀਆਆਮਦ'(ਹਰੀਸਿੰਘਆਗਿਆ)

ਇਸ ਬੜੀ ਭਾਰੀ ਲੜਾਈ ਵਿੱਚ ਜੋ ਸਿਰਫ ਪੰਜ ਘੰਟੇ ਹੀ ਹੋਈ ਸੀ, ਦਸ ਹਜ਼ਾਰ ਪਠਾਨ ਸਿੰਘਾਂ ਨੇ ਕਤਲ ਕੀਤੇ, ਤੇ ਸਿੰਘ ਭੀ ਬਹੁਤ ਸ਼ਹੀਦ ਹੋਏ.

ਸਰਦਾਰ ਜੀ ਨੇ ਪਠਾਨਾਂ ਦੀ ਇਸ ਬੇ ਈਮਾਨੀ ਦਾ ਫਲ ਦੇਣ ਲਈ ਉਨ੍ਹਾਂ ਦੇ ਪਿੰਡਾਂ ਨੂੰ ਸਾੜਦੇਣ ਦਾ ਸਤੇ ਹੁਕਮ ਦੇਣਾ ਚਾਹਿਆ ਪਰ ਫੇਰ ਸਭ ਨਗਰ ਦੇ ਇਰਦ ਗਿਰਦ ਦੇ ਬੁੱਢਿਆਂ ਪਠਾਨਾਂ ਨੇ ਆਕੇ ਮਿੰਨਤ ਕਰਕੇ ਮੁਆਫੀ ਮੰਗੀ, ਸੋ ਹੁਣ ਸਰਦਾਰ ਜੀ ਨੇ ਕੁਲ ਨਗਰਾਂ ਤੇ ਮਾਸੂਲ ਲਾ ਦਿੱਤਾ ) ਫੀਘਰ ਵਸੂਲ ਇਸ ਲੜਾਈ ਵਿੱਚ ਕੀਤਾ, ਸੱਤ ਹਜ਼ਾਰ ਸਿੰਘਾਂ ਨੇ ਲੱਖ ਦੇ ਕਰੀਬ ਗਾਜ਼ੀ ਪਠਾਨਾਂ ਨੂੰ ਭਾਂਜ ਦਿੱਤੀ ਤੇ ਆਪਣੇ ਹਰਜਾਨੇ ਦਾ ਦੂਨਾ ਮਸੂਲ ਵਸੂਲ ਕੀਤਾ। ਪਰ ਸ਼ਾਬਾਸ਼ ਹੈ ਐਸੇ ਸੂਰਬੀਰ ਧਰਮਾਤਮਾ ਸਰਦਾਰ ਦੇ ਕਿਰਦਾਰ ਕਿਤਨੀ ਤਕਲੀਫ ਦੇ ਸਖ਼ਤੀ ਪਠਾਨਾਂ ਦੀ ਐਸੀ ਨਿਮਕ ਹਰਾਮੀ ਕਰਕੇ ਆਪ ਉਠਾਈ ਪਰ ਫਿਰ ਭੀ ਰੰਡੀਆਂ ਤੀਵੀਆਂ ਅਤੇ ਗਰੀਬ ਅਨਾਥਾਂ ਨੂੰ ਏਹ ਦੂਨਾ ਮਸੂਲ ਮੁਆਫ ਕਰ ਦਿੱਤਾ ਇਸ ਸ਼ਹਿਰ ਵਿੱਚ ਸਰਦਾਰ ਜੀ ਨੇ ਅਪਨਾ ਇੱਕ ਕਿਲਾ ਭੀ ਬਨਵਾਇਆ.

ਇਸ ਲੜਾਈ ਦਾ ਫੈਸਲਾ ਕਰਕੇ ਸਰਦਾਰ ਜੀ ਅਕਤੂਬਰ ੧੮੨੧ ਈ: ੧੨ ਕੱਤਕ ੧੮੭੮ ਬਿ: ਨੂੰ ਬਹੁਤ ਸਾਰੇ ਕੀਮਤੀ ਘੋੜੇ, ਸੁਨੈਹਰੀ ਸਾਜ਼ ਤੇ ਹੋਰ ਕਸ਼ਮੀਰੀ ਮਾਲ ਸੁਗਾਤਾਂ ਲੈਕੇ ਮਹਾਰਾਜ ਨੂੰ ਖੁਸ਼ਾਬ ਆ ਮਿਲੇ, ਅਤੇ ਨੌਂਗਲ ਦੀ ਲੜਾਈ ਦਾ ਸਭ ਹਾਲ ਸੁਨਾਇਆ.

ਮਹਾਰਾਜ ਐਸੀ ਪੂਰਨ ਜਿੱਤ ਤੇ ਸਰਦਾਰ ਜੀ ਦੀ ਐਸੀ ਬਹਾਦੁਰੀ ਦਾ ਹਾਲ ਸੁਨਕੇ ਬੜੇ ਹੀ ਖੁਸ਼ ਹੋਏ, ਅਤੇ ਕਸ਼ਮੀਰ

ਦਾ ਸਾਰਾ ਮਾਮਲਾ ਜੋ ਅਸੀਂ ਲੈਣਾ ਸੀ, ਤੇ ਓਹ ਸਾਰਾ ਇਲਾਕਾ ਸਰਦਾਰ ਜੀ ਨੂੰ ਜਾਗੀਰ ਵਿਚ ਬਖਸ਼ ਦਿੱਤਾ.

## ਮੁੰਘੇਰੇ ਦੀ ਲੜਾਈ. ( ੧੪ )

ਮਹਾਰਾਜੇ ਨੇ ਏਹ ਪਹਿਲੇ ਹੀ ਕਿਹਾ ਹੋਯਾ ਸੀ ਕਿ ਜਦ ਤਕ ਸਰਦਾਰ ਹਰੀਸਿੰਘ ਨ ਆ ਜਾਵੇ ਫੌਜਨੇ ਅਗੇ ਨਹੀਂ ਜਾਣਾ, ਸੋ ਸਰਦਾਰ ਦੇ ਆਂਵਦੇ ਹੀ ਫੌਜ ਨੇ ਕੂਚ ਬਕੂਚ ਭੱਖਰ ਆਕੇ ਡੇਰੇ ਲਾ ਦਿੱਤੇ। ਲੋਕ ਤਾਂ ਡਰਦੇ ਭਜ ਗਏ, ਤੇ ਕਿਲੇ ਵਾਲੀ ਨਵਾਬ ਦੀ ਫੌਜ ਨੇ ਕੁਛ ਟਾਕਰਾ ਕੀਤਾ, ਪਰ ਸਭਨਾਂ ਨੇ ਹਾਰ ਖਾਧੀ ਤੇ ਕਿਲੇ ਤੇ ਸਿੱਖਾਂ ਦਾ ਕਬਜ਼ਾ ਹੋਗਿਆ.

ਇਸਤੋਂ ਅਗੇ ਫੌਜ ਖਾਨਗੜ੍ਹ ਗਈ ਤੇ ਨਵਾਬ ਦੀ ਫੌਜ ਨੂੰ ਓਥੋਂ ਭੀ ਕੱਢਕੇ ਆਪਨਾ ਕਬਜ਼ਾ ਕੀਤਾ.

ਏਹ ਸਭ ਖਬਰਾਂ ਸੁਨਕੇ ਨਵਾਬ ਨੇ ਆਪਨੇ ਕਿਲੇ ਦੀ ਹੋਰ ਮਜ਼ਬੂਤੀ ਕੀਤੀ ਤੇ ਦੁਵੱਲਿਓਂ ਗੋਲੇ ਚਲੇ। ਸਰਦਾਰ ਨੇ ਕਿਲੇ ਦਾ ਘੇਰਾ ਪਾਇਆ ਹੋਇਆ ਸੀ, ਪਰ ਪਾਣੀ ਖੁਣੋਂ ਬੜੀ ਦਿੱਕਤ ਸੀ। ਏਹ ਦੇਸ ਰੇਤਲਾ ਸੀ ਖੂਹ ਬਹੁਤ ਦੂਰ ਸਨ, ਕਈ ਕੱਚੇ ਖੂਹ ਕੱਢੇ ਪਰ ਪਾਣੀ ਚੰਗਾ ਨ ਮਿਲਿਆ ਤੇ ਬੜੀ ਤਕਲੀਫ ਉਠਾਈ ਤੇ ਨੁਕਸਾਨ ਝਾਗਿਆ.

ਨਵਾਬ ਏਨ੍ਹਾਂ ਤਕਲੀਫਾਂ ਨੂੰ ਸੁਣ ਸੁਣਕੇ ਬੜਾ ਖੁਸ਼ ਹੋਇਆ ਤੇ ਲੜਾਈ ਖੂਬ ਦਿਲ ਤੋੜਕੇ ਕੀਤੀ। ਪਰ ਸਿੰਘ ਭੀ ਕੁਝ ਐਸੇ ਹੌਸਲੇ ਦੇ ਨਹੀਂ ਸੀ, ੨੫ ਦਿਨ ਤਕ ਭੁਖੇ ਵੀ ਰਹੇ ਪਿਆਸ ਭੀ ਕੱਟੀ, ਪਰ ਛੱਬੀਸਵੇਂ ਦਿਨ ਕਿਲੇ ਤੇ ਓਹ ਅੱਗ ਵਰਸਾਈ ਕਿ ਨਵਾਬ ਨੂੰ ਕਿਆਮਤ ਦਿੱਸੀ, ਸਭ ਪਠਾਨੀ ਹੌਸਲਾ ਟੁਟਣੇ ਸ਼ੁਰੂ ਹੋਗਿਆ, ਤੇ ਹਥਿਆਰ ਸੁਟ ਦਿਤੇ.

ਸਰਦਾਰ ਜੀ ਨੇ ੨੫ ਦਿਸੰਬਰ ੧੮੨੧ ਨੂੰ ਕਿਲਾ ਫਤਹ ਕਰਕੇ ਇਕ ਵੱਡਾ ਦਰਬਾਰ ਕੀਤਾ, ਤੇ ਫੌਜ ਨੂੰ ਖੂਬ ਇਨਾਮ ਦਿਤੇ ਤੇ ਕਈਆਂ ਦੇ ਦਰਜੇ ਵਧਾਏ.

## ਮੁਹੰਮਦਖਾਂੜ੍ਹੀਨ ਦੇ ਜਹਾਦੀ ਫਸਾਦ. (੧੫)

ਕਸ਼ਮੀਰ ਫਤਹ ਕਰਨ ਦੇ ਵੇਲੇ ਤੋਂ ਹਜ਼ਾਰੇ ਦਾ ਇਲਾਕਾ ਲਾਹੌਰ ਦਰਬਾਰ ਦੇ ਮਾਤਹਤ ਸਮਝਿਆ ਤਾਂ ਜਾਂਦਾ ਸੀ, ਅਤੇ ਕਦੀ ੨ ਕੁਛ ਦੰਗੇ ਬਾਜ਼, ਉਮਦਾ ਘੋੜੇ ਵਗੈਰਾਂ ਭੀ ਮਾਮਲੇ ਵਿੱਚ ਆਂਵਦੇ ਸੀ, ਪਰ ਅਸਲ ਵਿਚ ਏਹ ਬੜਾ ਸਰਕਸ਼ ( ਵਿਗੜਿਆ ਹੋਇਆ ) ਤੇ ਅਭਿਮਾਨੀ ਇਲਾਕਾ ਸੀ, ਜਦ ਤੋਂ ਦੁਰਾਨਿਆਂ ਦਾ ਰਾਜ ਸਿੰਘਾਂ ਨੇ ਨਾਸ ਕੀਤਾ ਤਦ ਤੋਂ ਏਧਰ ਦਾ ਵਾਲੀਵਾਰਸ ਕੋਈ ਨਹੀਂ ਸੀ ਬਨਿਆ ਸੋ ਹਰ ਇੱਕ ਅਮੀਰ ਅਪਨੇ ਆਪ ਨੂੰ ਬਾਦਸ਼ਾਹ ਸਮਝਦਾ ਅਤੇ ਜਦ ਕਦੀ ਕੋਈ ਦੁਸ਼ਮਨ ਚੜ੍ਹਾਈ ਕਰਕੇ ਆਉਂਦਾ ਤਾਂ ਜਹਾਦ ਦੇ ਮਸਲੇ ਦੀ ਓਟ ਵਿੱਚ ਸਭ ਮਿਲ ਜਾਂਦੇ। ਇਸ ਇਤਫਾਕ ਦੇ ਕਾਰਣ ਏਹ ਇਲਾਕਾ ਅਜੇ ਤਕ ਆਕੀ ਰਿਹਾ ਹੋਯਾ ਸੀ ਤੇ ਕਿਸੇ ਦੇ ਕਾਬੂ ਨਹੀਂ ਆਯਾ ਸੀ.

ਅਖੀਰ ੧੮੨੦ ਈ: ਵਿੱਚ ਸਰਕਾਰ ਨੇ ਸਰਦਾਰ ਹੁਕਮਾ ਸਿੰਘ ਚਿਮਨੀ ਨੂੰ ਏਧਰ ਦਾ ਗਵਰਨਰ ਥਾਪਿਆ। ਕੁਛ ਦਿਨਾਂ ਪਿੱਛੋਂ ਸਰਦਾਰ ਜਾਂ ਲਾਹੌਰ ਬਸੰਤ ਪੰਚਮੀ ਦੇ ਦੀਵਾਨ ਤੇ ਆਯਾ ਤੇ ਓਥੇ ਆਪਨਾ ਨਾਇਬ ਮੋਹਕਮ ਸਿੰਘ ਨੂੰ ਛੱਡਿਆ.

ਮੁਹੰਮਦਖਾਂੜ੍ਹੀਨ ( ਜੋ ਇਕ ਬੜਾ ਸ਼ਰਾਰਤੀ ਚਾਲਬਾਜ਼ ਲੜਾਕਾ ਸੀ) ਨੇ ਇਸ ਮੌਕੇ ਨੂੰ ਚੰਗਾ ਜਾਨਕੇ ਲੜਾਈ ਛੇੜੀ ਪਰ ਇਸ ਲੜਾਈ ਵਿੱਚ ਮੋਹਕਮ ਸਿੰਘ ਸ਼ਹੀਦ ਹੋਗਿਆ.

ਅਜੇ ਸਰਦਾਰ ਹੁਕਮਾਸਿੰਘ ਜੇਹਲਮ ਪਾਸ ਹੀ ਸੀ, ਜੋ ਏਹ ਖਬਰ ਪਹੁੰਚ ਗਈ, ਸੋ ਫੌਜ ਸਮੇਤ ਵਾਪਸਮੁੜ ਆਏ, ਏਨ੍ਹਾਂ ਦੇ ਆਵਨ ਤਕ ਮਹੰਮਦਖਾਂ ਨੇ ਬਹੁਤ ਸਾਰਾ ਮੁਲਖੇਯਾ ਲੁਟ ਮਾਰ ਦੀ ਉਮੈਦ ਤੇ ਇਕੱਠਾ ਕਰ ਲਿਆ ਤੇ ਹਰਇਕ ਨਗਰ ਨੂੰ ਜਹਾਦੀ ਲੜਾਈ ਵਾਸਤੇ ਪ੍ਰੇਰਿਆ ਹੋਯਾ ਸੀ.

ਇਸ ਫਸਾਦੀ ਜਹਾਦੀ ਨੇ ਸਰਦਾਰ ਹੁਕਮਾ ਸਿੰਘ ਦਾ ਡਰ ਜਿਸ ਨਾਲ ਬਹੁਤ ਥੋੜੀ ਫੌਜ ਸੀ ਨ ਮੰਨਿਆ, ਇਸ ਦੀ ਰਪੋਟ ਲਾਹੌਰ ਲਿਖੀਗਈ ਤਾਂ ਦੀਵਾਨ ਰਾਮਦਿਆਲ ਸਰਕਾਰ ਨੇ ਬਹੁਤ ਸਾਰੀ ਫੌਜ ਤੇ ਤੋਪਖਾਨਾ ਨਾਲ ਦੇਕੇ ਤੋਰਿਆ, ਪਰ ਓਹ ਵਿਚਾਰਾ ਭੀ ਇਸੇ ਮੁਹੰਮਦਖਾਂ ਫਸਾਦੀ ਦੇ ਨਾਲ ਲੜਾਈ ਵਿੱਚ ਸ਼ਹੀਦ ਹੋਯਾ, ਸੋ ਇਸ ਵਾਰਦਾਤ ਦੀ ਰਪੋਟ ਭੀ ਲਾਹੌਰ ਆਈ ਤਾਂ ੧੮੨੧ ਈ: ਵਿੱਚ ਸਰਦਾਰ ਅਮਰ ਸਿੰਘ ਮਜੀਠੀਆ ਤੇ ਬਾਬਾ ਫੂਲਾ ਸਿੰਘ ਜੀ ਅਕਾਲੀ ਏਧਰ ਆਏ. ਰਸਤੇ ਵਿੱਚੋਂ ਬਾਬਾ ਫੂਲਾਸਿੰਘ ਜੀ ਅਕਾਲੀ ਤਾਂ ਇਕ ਹੋਰ ਲੜਾਈ ਦੇ ਪਾਸੇ ਤੁੱਰੇ ਗਏ ਤੇ ਸਰਦਾਰ ਅਮਰਸਿੰਘ ਮਜੀਠੀਆ ਹੀ ਓਥੇ ਪਹੁੰਚਾ ਤੇ ਲੜਾਈ ਛੇੜੀ.

ਏਧਰ ਮੁਹੰਮਦਖਾਂ ਨੇ ਭੀ ਅਪਨੀ ਮਦਦਵਾਸਤੇ ਹੋਰਕਈ ਪਠਾਨ ਮੁਲਾਨੇ, ਜਹਾਦੀ ਮਸਲੇ ਦੀ ਲੜਾਈ ਵਾਸਤੇ ਮੁਲਖੇਯਾ ਇਕੱਠਾ ਕਰਨ ਵਾਸਤੇ ਭੇਜੇ ਹੋਏ ਸੀ, ਜੋ ਬਹੁਤ ਸਾਰੇ ਅਨ-ਗਿਨਤ ਪਠਾਨਾਂ ਨੂੰ ਨਾਲ ਲੈ ਆਏ ਤੇ ਸਭਨਾਂ ਨੇ ਸਬਜ਼ ਰੰਗ ਦੇ ਚਿਲਤੇ ਪਾਕੇ ਗਲ ਵਿੱਚ ਲਾਲ ਅੱਟੇ ਸਜਾਏ ਤੇ ਜਹਾਦ ਦੀਆਂ ਕਸਮਾਂ ਖਾਕੇ ਜਮਾਂ ਹੋਗਏ। ਕਈ ਦਿਨ ਪਿਛੋਂ ਸਰਦਾਰ ਅਮਰਸਿੰਘ ਭੀ ਓਥੇ ਹੀ ਜੂਝਕੇ ਸ਼ਹੀਦ ਹੋ ਗਿਆ.

ਇਸਦੀ ਰਪੋਟ ਪਹੁੰਚਨ ਤੇ ਸਰਕਾਰ ਨੇ ਕੌਰ ਸ਼ੇਰਸਿੰਘ

ਜੀ ਨੂੰ ਤੇ ਸਰਦਾਰਨੀ ਸਦਾ ਕੌਰ ਨੂੰ (ਜੋ ਮਹਾਰਾਜਾ ਰਣਜੀਤ ਸਿੰਘ ਜੀ ਦੀ ਸੱਸ ਤੇ ਕੌਰ ਸ਼ੇਰ ਸਿੰਘ ਜੀ ਦੀ ਨਾਨੀ ਸੀ ਅਤੇ ਇੱਕ ਬੁੱਧੀ ਬਹਾਦੁਰ ਤੇ ਰਾਜਕਾਜ ਦੇ ਕੰਮਾਂ ਵਿੱਚ ਖੂਬ ਸਮਝ ਦਾਰ ਹਾਕਮ ਸੀ) ਕੌਰ ਜੀ ਦੀ ਸਹਾਇਤਾ ਨਾਲ ਭੇਜਿਆ, ਪਰ ਕੁੱਝ ਮਨ ਭਾਵੀ ਕਾਮਯਾਬੀ ਨ ਹੋਈ.

## ਹਰੀਪੁਰ ਦੀ ਆਬਾਦੀ. (੧੬)

ਏਨ੍ਹਾਂ ਗੱਲਾਂ ਨੂੰ ਦੇਖਕੇ ਓਧਰ ਦੇ ਬੰਦੋਬਸਤ ਵਾਸਤੇ ਇੱਕ ਐਸੇ ਜ਼ਬਰਦਸਤ ਮੁਨਤਜ਼ਿਮ ਤੇ ਸੂਰਮੇ ਦੀ ਲੋੜ ਸੀ, ਜੋ ਸਦਾ ਲਈ ਏਹ ਇਲਾਕਾ ਪਠਾਨਾਂ ਤੋਂ ਖੋਹ ਲੈਂਦਾ ਤੇ ਏਨ੍ਹਾਂ ਨੂੰ ਇੱਕ ਐਸੀ ਸਿਖ੍ਯਾ ਦੇਂਦਾ ਜੋ ਮਰਨ ਤਕ ਨ ਭੁੱਲਦੇ ਸੋ ਇਸ ਵਕਤ ਮਹਾਰਾਜ ਨੂੰ ਆਪਨੇ ਰਾਜ ਵਿੱਚ ਐਸੇ ਔਖੇ ਕੰਮ ਵਾਸਤੇ ਸਰਦਾਰ ਹਰੀਸਿੰਘ ਤੋਂ ਚੰਗਾ ਹੋਰ ਕੋਈ ਨ ਦਿਸਿਆ, ਸੋ ਮਹਾਰਾਜ ਨੇ ਦੁਸ਼ੈਹਰੇ ਦਾ ਬੜਾ ਕੀਮਤੀ ਸਿਰੋਪਾਉ ਦੇਕੇ ਹਜ਼ਾਰੇ ਦਾ ਗਵਰਨਰ ਕਰਕੇ ਸਰਦਾਰ ਜੀ ਨੂੰ ਓਧਰ ਤੋਰਿਆ.

ਸਰਦਾਰ ਜੀ ਨੇ ਜਾਕੇ ਓਧਰ ਓਹ ਧੱਮਾ ਬਿਠਾਯਾ, ਜੋ ਅਜ ਤਕ ਪਠਾਣੀਆਂ ਨੂੰ ਕੋਈ ਭੀ ਹਰੀਸਿੰਘ ਦਾ ਨਾਮ ਨਹੀਂ ਸੁਣਨ ਦੇਂਦਾ ਅਤੇ ਮੁਹੰਮਦਖਾਂ ਤ੍ਰੀਨ ਨੂੰ ਬੁਲਾਕੇ ਵਿਰੋਧ ਦੇ ਬੰਦ ਕਰਨ ਵਾਸਤੇ ਹੁਕਮ ਦਿੱਤਾ, ਜਿਸ ਨੂੰ ਸੁਣਕੇ ਪਹਿਲੇ ਤਾਂ ਓਹ ਝਿਜਕਿਆ ਪਰ ਫਿਰ ਛੇਤੀ ਮੰਨ ਗਿਆ, ਸੋ ਸਰਦਾਰ ਜੀ ਨੇ ਭੀ ਇਸ ਤੋਂ ਅਮਨ ਦੀ ਲਿਖਤ ਲੈਕੇ ਬੀਸ ਹਜ਼ਾਰ ਦੀ ਜਾਗੀਰ ਸਾਲਾਨਾ ਇਸ ਨੂੰ ਬਖਸ਼ ਦਿੱਤੀ। ਇਸ ਇਲਾਕੇ ਦੀ ਰਾਜਧਾਨੀ ਸਰਦਾਰ ਜੀ ਨੇ ਇਕ ਨਵੇਂ ਪਿੰਡ ਵਿੱਚ ਜੋ ਅਪਣੇ ਹੀ ਨਾਮ ਤੇ ਵਸਾਯਾ ਸੀ ਕੀਤੀ, ਤੇ ਤਰ੍ਹਾਂ ਦੇ ਬਾਗ਼ ਆਦਿਕ ਲੁਆਏ, ਇਸ

ਦੀ ਆਬਾਦੀ ਵਧਾਈ ਤੇ ਇੱਕ ਕਿਲਾਭੀ ਹਰਕਿਸ਼ਨਗੜ੍ਹ ਨਾਮੇ ਬਨਾਯਾ। ਅਤੇ ਗਰਮੀਆਂ ਦਾ (SANITARION HEAD-QUARTERS)ਹੈਡ ਕੁਆਰਟ੍ਰ ਬਨਾਯਾ, ਏਹ ਨਗਰਹਰੀ ਪੁਰ ਔਸ ਵੱਲ ਐਬਟਾਬਾਦ ਦੀ ਇੱਕ ਵਡੀ ਤਸੀਲ ਤੇ ਬਿਉਪਾਰ ਦਾ ਮੱਧ ਹੈ, ਤੇ ਆਪਣੀ ਰਮਣੀਕ ਸੀਨਰੀ ਦੇ ਕਾਰਣ ਇਕ ਬੜੀ ਹੀ ਮਨ ਹੁਲਾਸ ਕਰਨਵਾਲੀ ਜਗਾ ਹੈ:—

ਇਸ ਦਲੇਰ ਪਰੋਪਕਾਰੀ ਸਰਦਾਰ ਦੇ ਨਾਮ ਨੂੰ ਓਧਰ ਦੇ ਹਿੰਦੂ ਆਪਣੀ ਮਿਨਤ ਤੇ ਸ਼ੁਕਰ ਗੁਜ਼ਾਰੀ ਵਾਸਤੇ ਬੰਦੀ ਛੋੜੇ ਦੇ ਨਾਮ ਨਾਲ ਇਜ਼ਤ ਦੇਂਦੇ ਹਨ ਜਿਸਦੀ ਵਾਰਤਾ ਏਹ ਹੈ.

## ਸਰਦਾਰ ਹਰੀਸਿੰਘ ਬੰਦੀ ਛੋੜਾ (੧੭)

ਜਦ ਸਰਦਾਰ ਜੀ ਹਰੀਪੁਰ ਆਬਾਦ ਕਰ ਰਹੇ ਸੀ, ਤਾਂ ਰਾਜੇ ਧਿਆਨਸਿੰਘ ਜੋ ਇਨ੍ਹਾਂਦਾ ਸਦਾਹੀ ਦੁਸ਼ਮਨ ਰਿਹਾ, ਤੇ ਇਨ੍ਹਾਂ ਦੇ ਮਾਰਨ ਦੇ ਯਤਨ ਵਿੱਚ ਸੀ, ਸੋ ਆਪਣੀ ਸਦਾ ਦੀ ਸ਼ੁਦਾਰਥੀ ਚਾਲ ਨੂੰ ਨ ਭੁਲਿਆ, ਤੇ ਖੁਦਗਰਜ਼ੀ ਤੇ ਸ਼ਰਾਰਤ ਨਾਲ ਸਰਦਾਰਜੀ ਨੂੰ ਇੱਕ ਜਗਾਹ ਆਰਾਮ ਨ ਕਰਨ ਦੇਨ ਵਾਸਤੇ ਲਾਹੌਰੋਂ ਇੱਕ ਪਰਵਾਨਾ ਭਿਜਵਾ ਦਿੱਤਾ ਕਿ ਛੇਰੇਸਾਤ ਦਾ ਮਾਮਲਾ ਵਸੂਲ ਕੀਤਾ ਜਾਵੇ.

ਇਸ ਹੁਕਮ ਦੇ ਪਹੁੰਚਦੇ ਸਰਦਾਰਜੀ ਨੇ ਗੁਰਦਿੱਤ ਸਿੰਘ ਤੇ ਹਰਸਾ ਸਿੰਘ ਨੂੰ ਆਪਣਾ ਨਾਇਬ ਬਨਾਕੇ ਕਿਲੇ ਹਰਕਿਸ਼ਨ ਗੜ੍ਹ ਵਿੱਚ ਰਖਿਆ ਤੇ ਆਪ ਛੇਰਾਸਾਤ ਵਲ ਮਾਮਲਾ ਲੈਣ ਚਲੇ ਗਏ, ਇਨ੍ਹਾਂ ਦੇ ਜਾਨ ਨਾਲ ਮੁਹੰਮਦਖਾਂ ਤ੍ਰੀਨ (ਜਿਸਨੂੰ ਵੀਹ ਹਜ਼ਾਰ ਦੀ ਜਾਗੀਰ ਭੀ ਸਰਦਾਰਜੀ ਨੇ ਦਿਤੀ ਹੋਈ ਸੀ) ਲੂਣਹਰਾਮੀ ਕਰਕੇ ਆਪਣੀ ਫਸਾਦੀਚਾਲ ਤੋਂ ਨ ਉਕਿਆ ਤੇ

ਕਿਲੇ ਤੇ ਫੌਜ ਭੇ ਬਹੁਤ ਸਾਰਾ ਮੁਲਖੈਯਾ ਚੜ੍ਹਾ ਲਿਆ। ਬਿਚਾਰਾ ਅਲੂਣ ਗੁਰਦਿੱਤਸਿੰਘ ਘਾਬਰ ਗਿਆ, ਤੇ ਉਸਦਾ ਹਿਮਾਇਤੀ ਹਰਸਾ ਸਿੰਘ ਭੀ ਨਿਕੰਮਾ ਨਿਕਲਿਆ। ਇਨ੍ਹਾਂ ਦੀ ਥੋੜੀ ਫੌਜ ਦੇਖਕੇ ਦੁਸ਼ਮਨਾਂ ਦਾ ਹੋਰ ਹੌਸਲਾ ਵਧ ਗਿਆ ਤੇ ਗਾਜ਼ੀਆਂ ਨੇ ਕਿਲੇ ਨੂੰ ਘੇਰਾ ਪਾ ਦਿੱਤਾ। ਸਿੰਘ ਅੰਦਰ ਗਿਣਤੀ ਦੇ ਹੀ ਸਨ ਬਹੁਤੇਰੇ ਹਥਪੈਰ ਮਾਰੇ, ਸੋ ਗਾਜ਼ੀਆਂ ਪਠਾਨਾਂ ਨੂੰ ਅੰਦਰ ਤਾਂ ਨ ਵੜਨ ਦਿੱਤਾ ਪਰ ਘੇਰਾ ਭੀ ਨ ਤੋੜ ਸਕੇ.

ਇਸਦੀ ਖਬਰ ਲਾਹੌਰ ਪਹੁੰਚੀ ਤਾਂ ਸਰਦਾਰ ਬੁਧ ਸਿੰਘ ਸੰਧਾਵਾਲੀਏ ਨੂੰ ਚੜ੍ਹਾਈ ਕਰਨ ਵਾਸਤੇ ਹੁਕਮ ਮਿਲਿਆ। ਇਸਦੇ ਹਜ਼ਾਰੇ ਜਾਨ ਤੋਂ ਪਹਿਲੇ ਛੋਟੇ ੨ [illegible] ਕਿਲੇ ਪਠਾਨਾਂ ਦੇ ਹਥ ਆ ਗਏ ਤੇ ਇਸਨੂੰ ਭੀ ਪੂਰੀ ਕਾਮਯਾਬੀ ਨ ਹੋਈ.

ਦੇਸ ਵਿਚ ਓਹ ਉਪਦ੍ਰਧੁੰਮੀ ਮਚੀ ਜੋ ਰਹੇ ਰਬ ਦਾ ਨਾਮ, ਜਿਥੇ ਕਿਥੇ ਹਿੰਦੂ ਦਿਸੇ ਮਾਰੇ ਗਏ, ਘਰ ਬਾਰ ਲੁਟਕੇ ਬਰਬਾਦ ਕਰਦਿੱਤੇ, ਓਹ ਇਸਤ੍ਰੀਆਂ ਜਿਨ੍ਹਾਂ ਨੇ ਕਦੀ ਕੰਮ ਨਹੀਂ ਸੀ ਕੀਤਾ ਗਲੀਆਂ ਬਲਾਕ ਹਰਮਾ (ਮੁਸਲਮਾਨਾਂ ਦੇ ਘਰਾਂ) ਵਿਚ ਭੇਜੀਆਂ ਗਈਆਂ, ਮਰਦ ਪਕੜਕੇ ਨੌਕਰ ਰਖੇ ਗਏ ਅਤੇ ਜੋ ਸੁੰਦ੍ਰ ਇਸਤ੍ਰੀ ਕੰਨਿਆ ਦੇਖੀ ਸਭ ਖੋਹ ਕੇ ਪਠਾਨਾਂ ਜਰਵਾਣਿਆਂ ਨੇ ਆਪਣੇ ਘਰਾਂ ਵਿਚ ਪਾ ਲਈ। ਕੋਈ ਦੌਲਤਮੰਦ ਹਿੰਦੂ ਨਹੀਂ ਸੀ ਜੋ ਮਾਰ ਨ ਦਿੱਤਾ ਗਿਆ ਹੋਵੇ, ਵਿਚਾਰੇ ਅਨਾਥ ਬਾਲਾਂ ਤੇ ਬੇਕਸ ਰੰਡੀਆਂ ਤੀਵੀਆਂ ਦੇ ਰੋਣ ਦਾ ਭੀ ਏਨਾ ਰੋਹ ਰਤੇ ਜਰਵਾਣਿਆਂ ਪਠਾਨਾਂ ਦੇ ਦਿਲਾਂ ਤੇ ਕੁਝ ਅਸਰ ਨ ਹੋਇਆ, ਅਤੇ ਕਰੀਬਨ ਸਾਰੇ ਕਤਲ ਕੀਤੇ ਗਏ, ਕੋਈ ਟਾਵਾਂ ੨ ਹਿੰਦੂ ਦੇਸ ਵਿਚ ਲੁਕ ਛਿਪਕੇ ਬਚਿਆ ਮੁਹੰਮਦਖਾਂਤ੍ਰੀਨ ਨੇ ਸਾਰੇ ਦੇਸ਼ ਵਿਚ ਖੁਸ਼ੀ ਦੇ ਸ਼ਾਦਿਆਨੇ

ਬਣਵਾਏ ਅਤੇ ਮੁਲਵਾਨਿਆਂ ਦੀ ਸਲਾਹ ਨਾਲ ਇਸਨੇ ਆ-ਪਨੇ ਆਪ ਨੂੰ ਅਮੀਰਲਮੋਮਨੀਨ ( ਮੁਸਲਮਾਨਾਂ ਦਾ ਵੱਡਾ ਖ਼ਿਤਾਬ) ਵਾਲੀਏ ਮੁਲਕ ਹਜ਼ਾਰਾ ਥਾਪਿਆ, ਪਰ ਏਹ ਕੁਛ ਦਿਨ ਵੀ ਨ ਰਿਹਾ.

ਇਸ ਦੁਖਦਾਈ ਵਾਰਤਾ ਤੇ ਹਿੰਦੂਆਂ ਦੇ ਦੁਖ ਤੇ ਕਤਲ ਆਮ ਨੂੰ ਸਰਦਾਰਜੀ ਨੇ ਫੇਰੋਜਾਤ ਵਲ ਹੀ ਸੁਣਿਆ ਤਾਂ ਰਾਤ ਦਿਨ ਕੂਚ ਕਰਕੇ ਬਿਜਲੀ ਦੀ ਫੁਰਤੀ ਵਾਂਗੂੰ ਵਾਪਸ ਆਏ.

ਬਾਕੀ ਕਿਲੇ ਹਰਕਿਸ਼ਨਗੜ੍ਹ ਨੂੰ ਘੇਰਾ ਪਾਈ ਮਰਨ ਮਾਰਨ ਠਾਣੀ ਬੈਠੇ ਸਨ। ਸੋ ਸਰਦਾਰਜੀਨੇ ਪਹੁੰਚਕੇ ਥੋੜੀਫੌਜ ਨਾਲ ਸਰਦਾਰ ਬੁਧਸਿੰਘ ਨੂੰ ਕਿਲੇ ਦੇ ਅੰਦਰਲੀ ਫੌਜਦੀ ਸਹਾਇਤਾ ਵਾਸਤੇ ਭੇਜਿਆ, ਗਾਜ਼ੀ ਇਸ ਵਕਤ ਕੋਈ ਚਾਲੀਹ ਹਜ਼ਾਰ ਦੇ ਕਰੀਬ ਸਨ, ਤੇ ਮੁਲਵਾਨਿਆਂ ਦੇ ਜੁਸ਼ੀਲੇ ਵਾਇਜ਼ (ਸਿਖ੍ਯਾ) ਨੂੰ ਸੁਣ ੨ ਕੇ ਹਰਦਮ ਹੋਰ ਆਹਰੇ ਸਨ, ਹੁਣ ਸਹਾਈ ਜੋਸ਼ ਦਾ ਸਮੁੰਦ੍ਰ ਠਾਠਾਂ ਮਾਰਦਾ ਸੀ, ਬੱਚਾ ੨ ਸਿੰਘਾਂ ਦੇ ਲਹੂ ਦਾ ਪਿਆਸਾ ਸੀ। ਬੁਧਸਿੰਘਨੇ ਮੌਕਾ ਪਾਕੇ ਸਰਦਾਰਜੀਦਾ ਇਸ਼ਾਰਾ ਲੈਕੇ ਪਠਾਨਾਂ ਦੇ ਦਲ ਵਿਚ ਅਗ ਲਾ ਦਿੱਤੀ, ਬਹੁਤ ਸਾਰੇ ਗਾਜ਼ੀਪਠਾਨ ਜੀਉਂਦੇ ਸੜ ਗਏ ਤੇ ਜੋ ਬੱਚੇ ਓਹ ਇਕ ਮਸੀਤ ਵਿੱਚ ਜਾ ਵੜੇ, ਪਰ ਓਹ ਭੀ ਰੋਹ ਚੜੀ ਫੌਜ ਨੇ ਅੱਗ ਲਾਕੇ ਸਾੜ ਫੂਕ ਦਿੱਤੇ, ਜੋ ਇਸਤੋਂ ਬਚੇ ਓਹ ਤਲਵਾਰ ਦੀ ਮਾਰ ਹੇਠ ਆਏ। ਏਸ ਬੇ ਨਜ਼ੀਰ ਫ਼ਤਹ ਨੇ ਪਠਾਨਾਂ ਦੇ ਵੱਧੇ ਹੋਏ ਹੌਸਲੇ ਪਿੱਸੂ ਕਰ ਦਿੱਤੇ ਤੇ ਓਹ ਜਹਾਦੀ ਗਾਜ਼ੀ ਫਿਰ ਰੋਜ਼ਗਾਰ ਚਾਰਨ ਵਾਸਤੇ ਆਪਨੇ ਘਰਾਂ ਨੂੰ ਪਿਠ ਦੇਕੇ ਮੁੜ ਗਏ॥

ਕੁਛ ਦਿਨਾਂ ਪਿਛੋਂ ਮਾਨਸਿਹਰੇ ਵਿੱਚ ਸ੍ਰਦਾਰਜੀ ਨੂੰ ਸੂਹਿਆਂ ਨੇ ਖਬਰ ਦਿੱਤੀ ਕਿ ਬਹੁਤ ਸਾਰੇ ਹਿੰਦੂ ਮਰਦ, ਤੀਵੀਆਂ ਤੇ

ਬਾਲ ਜੋ ਪਠਾਨ ਸ਼ੇਘਾਰੀ ਦੀ ਲੜਾਈ ਵਿੱਚ ਕੈਦ ਕਰਕੇ ਲੈ ਗਏ ਸਨ ਅਸੇ ਸੋਊਂਦੇ ਹਨ, ਤੇ ਓਨ੍ਹਾਂ ਪਠਾਨਾਂ ਦੇ ਘਰ ਵਿੱਚ ਗੋਲੇ ਗੋਲੀਆਂ ਦਾ ਕੰਮ ਕਰਦੇ ਹਨ ॥

ਇਸ ਨੂੰ ਸੁਣਕੇ ਸਰਦਾਰ ਸੀ ਦੇ ਮਨ ਵਿੱਚ ਜੋਸ਼ ਨੇ ਲਹਿਰਾ ਦਿੱਤਾ ਤੇ ਓਨ੍ਹਾਂ ਦੇ ਛੁੜਾਨ ਦੇ ਫ਼ਿਕਰ ਵਿੱਚ ਮੂੰਹੇ ਛਡੇ, ਦੂਸਰੇ ਤੀਸਰੇ ਦਿਨਹੀ ਖ਼ਬਰ ਆਈ ਕਿ ਛੁਪਕਲੀਏ ਇਲਾਕੇ ਦੇ ਬਾਗੀ ਆਪਨੇ ਬਾਲ ਬੱਚੇ ਸਮੇਤ ਅਗਰੌਰ ਵਿੱਚ ਇਕਠੇ ਹੋ ਰਹੇ ਹਨ, ਸੋ ਇਸ ਮੌਕੇ ਨੂੰ ਚੰਗਾ ਜਾਨਕੇ ਰਾਤੋ ਰਾਤ ਉਨ੍ਹਾਂ ਬਾਗੀਆਂ ਤੇ ਸ਼ਬਖ਼ੂਨ (ਰਾਤ ਦਾ ਧਾਵਾ) ਮਾਰਿਆ ਤੇ ਇਕ ਹਜ਼ਾਰ ਦੇ ਕਰੀਬ ਪਠਾਨ ਕੈਦ ਕਰਕੇ ਮੰਘਾਰੀਨਾਮੇ ਪਿੰਡ ਵਿੱਚ ਜਾਕੇ ਦੋ ਦੋ ਮੁਸਲਮਾਨਾਂ ਦੇ ਬਦਲੇ ਇਕ ੨ ਹਿੰਦੂ ਕੈਦੀ ਛੁੜਾਯਾ ਤੇ ਓਨ੍ਹਾਂ ਬੇਕਸ ਅਨਾਥ ਹਿੰਦੂਆਂ ਨੂੰ ਖਰਚਾ ਆਦਿਕ ਦੇਕੇ ਆਪੋ ਆਪਨੇ ਘਰਾਂ ਵਲ ਤੋਰਿਆ ਤੇ ਆਪਨੇ ਨਾਮਨਾਲ ਇਕ ਸਦਾ ਦੀ ਅਦੁਤੀ ਭਲਾਈ 'ਬੰਦੀਛੋੜ' ਦੇ ਨਾਮ ਦੀ ਲੈਣੀ.

## ਤਨੌਲੀ ਦੇ ਪਠਾਨਾਂ ਦਾ ਆਕੀ ਹੋਨਾ (੧੮)

ਥੋੜੇ ਚਿਰ ਪਿੱਛੋਂ ਪਠਾਨਾਂ ਦਾ ਸਰਦਾਰ ਸਰਬੁਲੰਦਖਾਂ ਬੜਾ ਵੇਹਰਕੇ ਆਕੀ ਹੋਗਿਆ, ਸਰਦਾਰ ਨੇ ਬਹੁਤੇਰਾ ਸਮਝਾਯਾ ਪਰ ਇਸਨੇ ਆਪਨੇ ਮੁਲਖਈਏ ਦੇ ਸਹਾਏ ਦੇ ਸਾਹਮਣੇ ਕੁਛ ਨ ਮੰਨੀ। ਸੋ ਇਸ ਨੂੰ ਸਿੱਧਾ ਕਰਨ ਵਾਸਤੇ ਸਰਦਾਰਜੀ ਨੇ ਚੜ੍ਹਾਈ ਕੀਤੀ ਅਤੇ ਉਸਦੇ ਕਰਮਾਂ ਦਾ ਫਲ ਦੇਨ ਵਾਸਤੇ ਉਸਦੇ ਨਗਰ ਨੂੰ ਸਾੜ ਦਿੱਤਾ ਤੇ ਅਗੇ ਧਾਕਾਦਨੇ ਵੱਲ ਚਲੇ ਗਏ। ਓਹ ਹੁਣ ਲੜਨ ਵਾਸਤੇ ਆਪ ਤਾਂ ਨ

ਆਯਾ ਪਰ ਆਪਨੇ ਪੁਤ੍ਰ ਸ਼ੇਰਮੁਹੰਮਦਖਾਂ ਨੂੰ ਜੋ ਬੜਾ ਸਿਆਣਾ ਤੇ ਦਲੇਰ ਲੜਾਕਾ ਸੀ, ਫੌਜ ਦੇਕੇ ਲੜਨ ਲਈ ਭੇਜਿਆ.

ਏਹ ਬੜਾ ਨਿਸ਼ਾਨਚੀ ਸੀ ਇਸਨੇ ਆਂਦਿਆਂ ਹੀ ਕਈ ਚੋਣਵੇਂ ਸਿੰਘ ਜੋਧਿਆਂ ਨੂੰ ਗੋਲੀ ਦਾ ਨਿਸ਼ਾਨਾ ਬਨਾਯਾ.

ਇੱਕ ਤਾਂ ਸਿੰਘਾਂ ਦੀ ਸੈਨਾ ਘਟ, ਦੂਸਰੇ ਆਪਨੇ ਸਰਦਾਰਾਂ ਨੂੰ ਜੂਝਦੇ ਦੇਖਕੇ ਹੌਸਦੇ ਦਿਲ ਢਿੱਲੇ ਹੋ ਰਹੇ ਸਨ, ਤੇ ਪੈਰ ਪਿਛਾਂਹ ਨੂੰ ਪੈਂਣ ਹੀ ਲਗਾ ਸੀ, ਜੋ ਝਟ ਸਰਦਾਰ ਹਰੀਸਿੰਘ ਨੇ ਝਪੱਟ ਕੇ ਆਪਨੇ ਅਰਦਲੀ ਦੀ ਬੰਦੂਕ ਖੋਹ ਲਈ ਤੇ ਕੜਕ ਕੇ ਕਿਹਾ ਪਿਆਰੇ ਖਾਲਸਾ ਜੀ! ਘਰ ਦੂਰ ਹੈ ਲੜੋ! ਮਰੋ!! ਯਾ ਮਾਰੋ!!! ਅਕਾਲ ਪੁਰਖ ਸਦਾ ਸਹਾਈ ਹੈ, ਫਤਹ ਕਰੋਗੇ ਤਾਂ ਰਾਜ, ਜੂਝੋਗੇ ਤਾਂ ਗੁਰਪੁਰੀ ਦਾ ਵਾਸ। ਏਹ ਓਹੋ ਹਮੇਸ਼ਾ ਦੇ ਹਾਰੂ ਢੋਠ ਪਠਾਂਨ ਹਨ.

ਏਹ ਗੱਲ ਕਹਿੰਦੇ ਹੀ ਦਲੇਰ ਸਰਦਾਰ ਨੇ ਪਹਿਲੀ ਹੀ ਗੋਲੀ ਦੇ ਨਿਸ਼ਾਨੇ ਨਾਲ ਸ਼ੇਰਮੁਹੰਮਦਖਾਂ ਫਸਾਦੀ ਦਾ ਮੱਥਾ ਵਿੰਨਕੇ ਭੁਇੰ ਤੇ ਮਾਰਿਆ ਤੇ ਉਸਨੂੰ ਕਲਮਾ ਪੜ੍ਹਨ ਦਾ ਭੀ ਸਾਹ ਨ ਲੱਭਨ ਦਿੱਤਾ। ਉਸਦੇ ਮਰਨ ਦੀ ਦੇਰ ਸੀ, ਸਭ ਸਹਾਈ ਲੁਟੇਰੇ ਹੱਲਾ ਕਰਕੇ ਵੱਧੇ, ਪਰ ਹੁਣ ਸਿੰਘਾਂ ਨੇ ਖੂਬ ਹੱਥ ਦੱਸੇ ਤੇ ਅਨਗਿਣਤ ਪਠਾਨਾਂ ਨੂੰ ਤਲਵਾਰ ਦੇ ਘਾਟ ਪਾਰ ਉਤਾਰਿਆ, ਏਹ ਹਾਲ ਦੇਖਕੇ ਰਹਿੰਦੇ ਖੂੰਹਦੇ ਗਾਜ਼ੀ ਐਸੀ ਡਰਾਉਣੀ ਮੌਤ ਤੋਂ ਕਾਇਰ ਹੋਕੇ ਨੱਸ ਗਏ॥

ਇਸ ਫਤਹ ਦੀ ਨਿਸ਼ਾਨੀ ਵਿੱਚ ਸਰਦਾਰ ਜੀ ਨੇ ਹੁਕਮ ਦਿੱਤਾ, ਕਿ ਸ਼ੇਰਮੁਹੰਮਦਖਾਂ ਦਾ ਸਿਰ ਉਤਾਰਕੇ ਹਰੀਪੁਰ ਦੇ ਕਿਲੇ ਤੇ ਲਟਕਾਯਾ ਜਾਵੇ, ਤਾਂਕਿ ਪਠਾਨਾਂ ਨੂੰ ਸਿੰਘਾਂ ਦੀ ਤਲਵਾਰ ਦੀ ਚੰਗੀਤ੍ਰਾਂ ਸੋਝੀ ਪੈਜਾਵੇ॥

ਅੱਗੇ ਵਧਕੇ ਲੜਾਈ ਕਰਨ ਦੀ ਬੜੀ ਤਾਰੀਫ਼ ਕਰਦੇ ਸਨ, ਅਤੇ ਜੁਟ ੨ ਕੇ ਆਂਢਦੇ ਪਰ ਪੇਸ਼ ਨਹੀਂ ਸੀ ਜਾਂਦੀ । ਏਧਰ ਸਿੰਘ ਭੀ ਆਪਣੇ ਕਮਾਂਡਰ ਨੂੰ ਨਿਸ਼ਾਨਚੀ ਤੇ ਅੜਦਲੀ ਨਾਲ ਇਸ ਹਿੰਮਤ ਨਾਲ ਅੱਗੇ ਵਧਦਾ ਤੇ ਪਠਾਨਾਂ ਦੇਆਹੂ ਲਾਹੁੰਦਾ ਵੇਖਕੇ ਹੱਲਾ ਕਰਕੇ ਵਧ ਰਹੇ ਸਨ,ਪਰ ਦੁਸ਼ਮਨ ਬਹੁਤ ਹੋਂਣੇ ਕਰਕੇ ਸਰਦਾਰ ਹਰੀਸਿੰਘ ਤਕ ਜੋ ਬਹੁਤ ਅਗੇ ਵਧੇ ਹੋਏ ਸੇ ਨ ਪਹੁੰਚ ਸਕੇ, ਹੁਨ ਰਾਤ ਨੇ ਆਪਨੇ ਕਾਲੇ ਹਥ ਪੈਰ ਪਸਾਰੇ ਤੇ ਸਿੰਘ ਭੀ ਬਹੁਤ ਪਿਛੇ ਰਹਿ ਗਏ.

ਇਸਵਕਤ ਅਨਗਿਨਤ ਪਠਾਨਾਂ ਗਾਜ਼ੀਆਂ ਨੇ ਚਾਰਜਾਨਾਂ ਤੇ ਹਮਲਾ ਕੀਤਾ, ਪਰ ਉਹ ਚਾਰੇ ਆਤਮਾਂ ਕੈਸੇ ਪਵਿਤ੍ਰ ਸੂਰਬੀਰ ਸਨ, ਕਿ ਜਿਨਾਂ ਦੀ ਮਿਸਾਲ ਤਵਾਰੀਖ ਵਿੱਚ ਕਿਸੈ ਹੋਰ ਜਗ੍ਹਾ ਮਿਲਨੀ ਮੁਸ਼ਕਿਲ ਹੈ, ਛੇਕੜ ਏਹ ਬਹਾਦਰ ਸੂਰਬੀਰ ਲੜਦੇ ਭਿੜਦੇ ਕਈਆਂ ਨੂੰ ਮਾਰਦੇ ਜ਼ਖ਼ਮ ਖਾਂਦੇ ਇੱਕ ਪੁਰਾਣੀ ਕਚੀ ਮਸਜਿਦ ਦੇ ਘੇਰੇ ਵਿੱਚ ਆ ਗਏ, ਏਹ ਨਿਡੱਰ ਸੂਰਬੀਰ ਉਸੇ ਨੂੰ ਆਪਣਾ ਕਿਲਾ ਜਾਨ ਦੁਸ਼ਮਨ ਦੇ ਹੱਲੇ ਤੇ ਗੋਲੀਆਂ ਦਾ ਉੱਤਰ ਓਨ੍ਹਾਂ ਨੂੰ ਰਣਭੂਮੀ ਦੀ ਚੂਲੀ ਸੇਜਾ ਤੇ ਲਿਟਾਉਨ ਦਾ ਦੇ ਰਹੇ ਸੀ, ਸਰਬੁਲੰਦਖਾਂ ਤੇ ਮੁਹੰਮਦਖਾਂਜ਼ੀਨ ਨੇ ਭੀ ਆਪਨੇ ਗਾਜ਼ੀ ਹੋਂਨ ਵਿੱਚ ਕੁਛ ਕਸਰ ਨ ਛਡੀ, ਹੁਣ ਜਦ ਏਨ੍ਹਾਂ ਗਾਜ਼ੀਆਂ ਨੇ ਐਸੇ ਸੂਰਬੀਰ ਸ਼ੇਰਾਂ ਖਾਸ ਜੀਉਂਦੇ ਪਹੁੰਚਨ ਦੀ ਆਸ ਨ ਡਿੱਠੀ ਤਾਂ ਅੱਕਕੇ ਆਪਣੇ ਅੱਲਾ ਦੇ ਘਰ ਮਸੀਤ ਨੂੰ ਭੀ ਏਸੇ ਅਮੀਰਉਲ ਮੋਮਨੀਨ ਨੇ ਅੱਗ ਲਾ ਦਿੱਤੀ.

ਏਧਰੋਂ ਏਹ ਤਿਨੇ ( ਨਿਸ਼ਾਨਚੀ ਸ਼ਹੀਦ ਹੋ ਚੁਕਾ ਸੀ ) ਇਕ ੨ ਕਰਕੇ ਬਾਹਰ ਨਿਕਲੇ,ਰਾਤ ਹਨੇਰੀ, ਹੱਥ ਪਸਾਰਿਆ,

ਨਹੀਂ ਸੀ ਦਿਸਦਾ, ਦੁਸ਼ਮਨ ਦਾ ਐਸਾ ਕਰੜਾ ਨਜ਼ਦੀਕ ਘੇਰਾ ਸੀ ਕਿਸ਼ਨਸਿੰਘ ਮਹਾਂਸਿੰਘ ਦਾ ਸੱਕਾ ਭਾਈ, ਤਾਂ ਹੁਣ ਸ਼ਹੀਦੀ ਦੀ ਰਸੀਦ ਲੈਕੇ ਬਿਨਾ ਰੋਕ ਟੋਕ ਗੁਰਪੁਰੀ ਨੂੰ ਚਲਾ ਗਿਆ ਅਤੇ ਮਹਾਂਸਿੰਘ ਕੁਛ ਜ਼ਖਮੀ ਹੋਯਾ ਇਸਦਾ ਜ਼ਖਮਕਾਰੀ ਨਹੀਂ ਸੀ, ਸੋ ਮਸਾਂ ਕਿਵੇਂ ਡਿਗਦਾ ਢਹਿੰਦਾ ਆਪਣੇ ਦਲ ਵਿੱਚ ਪਹੁੰਚਾ ਪਰ ਸਰਦਾਰ ਹਰੀਸਿੰਘ ਦਾ ਜ਼ਖਮ ਬੜਾ ਕਾਰੀ ਸੀ, ਲਹੂ ਬਹੁਤ ਵਗਨ ਕਰਕੇ ਕਮਜ਼ੋਰੀ ਹਦੋਂ ਬਾਹਰੀ ਹੋ ਗਈ, ਤੇ ਉੱਥੇ ਹੀ ਡਿੱਗੇ ਪਏ ਰਹੇ. ਚਲਨ ਦੀ ਆਸੰਙ ਤਕ ਨਹੀਂ ਸੀ, ਅਕਾਲ ਪੁਰਖ ਦੇ ਭਜਨ ਤੇ ਸ਼ੁਕ੍ਰ ਵਿੱਚ ਏਹ ਕਰੜਾ ਸਮਾਂ ਬਿਤਾ, ਬੋਲਭੀ ਨਹੀਂ ਸੀ ਸਕਦੇ ਕਿਉਂਕਿ ਸੱਜੇ ਖੱਬੇ ਅੱਗੇ ਪਿਛੇ ਦੁਸ਼ਮਨ ਹੀ ਦੁਸ਼ਮਨ ਸੀ ਪਰ ਅਕਾਲਪੁਰਖ ਨੇ ਅਜੇ ਕੁਛ ਸੁਵਾਸ ਦੇਨੇ ਸੀ.

ਸੱਬਬ ਨਾਲ ਇੱਕ ਸਿੰਘ ਪਿਛਲੀ ਰਾਤੀ ਸੁਚੇਤ ਪਾਣੀ ਹੋਣ ਗਿਆ ਹੋਯਾ ਰਸਤਾ ਭੁਲਕੇ ਓਸੇ ਥਾਂ ਆ ਪਹੁੰਚਾ, ਸਰਦਾਰ ਜੀ ਨੇ ਪਛਾਣਕੇ ਉਸਦਾ ਪੱਲਾ ਖਿਚਿਆ, ਪਹਿਲੇ ਤਾਂ ਸਿਪਾਹੀ ਦੁਸ਼ਮਨ ਦਾ ਘੇਰਾ ਵੇਖਕੇ ਡਰਿਆ, ਪਰ ਸਰਦਾਰ ਜੀਨੇ ਹੌਲੀ ਜਿੱਹੀ ਕਿਹਾ ਕਿ ਸਾਨੂੰ ਪਿਆਸ ਲੱਗੀ ਹੈ ਆਪਣੇ ਗੜਵੇ ਵਿੱਚੋਂ ਜਲ ਛਕਾਓ.

ਸਿਪਾਹੀ ਨੇ ਸਰਦਾਰ ਜੀ ਦੀ ਅਵਾਜ਼ ਪਛਾਨ ਕੇ ਆਪਣੇ ਗੜਵੇ ਨਾਲ ਜਲਛਕਾਯਾ, ਜਿਸਨੂੰ ਪੀਣ ਨਾਲ ਬਹਾਦਰ ਸੂਰਬੀਰ ਨੇ ਕੁਛ ਹੋਸ਼ ਸੰਭਾਲੀ। ਪਰ ਸਾਰੀ ਰਾਤ ਸੀਏ ਦੀ ਹਵਾ ਲੱਗਣ ਕਰਕੇ ਜ਼ਖਮ ਬੜੇ ਆਕੜ ਗਏ ਸੀ, ਸੋ ਇਸ ਸੱਚੇ ਸੁਆਮੀ ਸੇਵਕ ਸਿੰਘ ਨੇ ਇੱਕਲਿਆਂ ਹੀ ਐਸੇ ਦੁਸ਼ਮਨ ਦੇ ਘੇਰੇ ਵਿੱਚੋਂ ਸਰਦਾਰ ਜੀ ਨੂੰ ਮੋਢੇ ਤੇ ਚੁਕ ਲਿਆ ਤੇ ਏਨ੍ਹਾਂ ਦੇ ਰਸਤਾ ਦਸਣ ਨਾਲ ਆਪਣੇ ਦਲ ਨੂੰ ਤੁਰਿਆ।

ਰਸਤੇ ਵਿੱਚ ਇੱਕ ਘੋੜੇ ਤੇ ਸਰਦਾਰ ਜੀ ਨੂੰ ਬਿਠਾਯਾ, ਪਰ ਜ਼ਖ਼ਮਕਾਰੀ ਹੋਣ ਕਰਕੇ ਓਹ ਨ ਬੈਠ ਸਕੇ, ਸੋ ਲਾਗੇ ਦੀ ਇਕ ਪੈਲੀ ਵਿੱਚੋਂ ਜੁਵਾਰ ਦੇ ਰਾਖੇ ਨੂੰ ਸਰਦਾਰ ਜੀ ਦਾ ਸੋਨੇ ਦਾ ਕੜਾ ਇਨਾਮ ਦੇਕੇ ਉਸਦੀ ਮੰਜੀ ਮੰਗ ਲਈ ਤੇ ਉਸ ਉਤੇ ਸਰਦਾਰਜੀ ਨੂੰ ਲਿਟਾਕੇ ਨਾਲ ਚੁਕਵਾਕੇ ਲੈ ਆਂਦਾ ਤੇ ਰਾਤੋ ਰਾਤ ਕਿਲੇ ਹਰਕਿਸ਼ਨਗੜ੍ਹ ਵਿਚ ਸਿੰਘਾਂ ਦੀ ਇੱਕ ਚੰਗੀ ਗਾਰਦ ਨਾਲ ਭੇਜ ਦਿੱਤਾ.

## ਸਰਦਾਰ ਜੀ ਦੀ ਮੌਤ ਦੀ ਝੂਠੀ ਅਫ਼ਵਾਹ ( ੨੦ )

ਏਧਰ ਦੋਵੇਂ ਪਠਾਨ ਅਫ਼ਸਰ ਰਾਤ ਦੀ ਫ਼ਤਹ ਅਲਾਹੂ ਅਕਬਰ ਦੇ ਆਵਾਜ਼ੇ ਤੇ ਸ਼ੋਰ ਸ਼ਰਾਬੇ ਕਰਦੇ ਹੋਏ ਪਹ ਫੁੱਟਦੀ ਨੂੰ ਹੀ ਮੁਰਦੇ ਤੇ ਜ਼ਖ਼ਮੀਆਂ ਵਿਚ ਆਕੇ ਸਰਦਾਰ ਜੀ ਦਾ ਸਿਰ ਲੱਭਣ ਲੱਗੇ। ਬੜੇ ਖੋਜ ਭਾਲ ਪਿਛੋਂ ਰਤਨ ਸਿੰਘ ਸਿਪਾਹੀ ਦੀ ਲੋਥ ਜਿਸਦੀ ਸ਼ਕਲ ਸਰਦਾਰ ਜੀ ਦੇ ਨਾਲ ਬਹੁਤ ਮਿਲਦੀ ਜੁਲਦੀ ਸੀ ਲੱਭੀ, ਜੋ ਇਸਦਾ ਸਿਰ ਵੱਢਕੇ ਏਨ੍ਹਾਂ ਨੇ ਆਮ ਲੋਕਾਂ ਵਿਚ ਸਰਦਾਰਜੀ ਦੀ ਮੌਤ ਤੇ ਆਪਨੀ ਜਿੱਤ ਦਾ ਰੌਲਾ ਪਾ ਦਿੱਤਾ.

ਏਧਰ ਖ਼ਾਲਸਾ ਜੋ ਇਸ ਮੌਕੇ ਵਿੱਚ ਸਾ ਜੋ ਏਨ੍ਹਾਂ ਦਾ ਇਕ ਐਸਾ ਅਦੁੱਤੀ ਸੂਰਬੀਰ ਕਮਾਂਡਰ ਜ਼ਖ਼ਮੀ ਹੋਗਿਆ ਸੀ ਤੇ ਅਪਨੇ ਜ਼ਖ਼ਮੀ ਭਰਾਵਾਂ ਦੀ ਮੱਲ੍ਹਮਪੱਟੀ ਵਿਚ ਹੀ ਸਨ ਜੋ ਓਧਰੋਂ ਮੁਹੰਮਦਖਾਂ ਤੇ ਸਨਬਲੇਦਖਾਂ ਨੇ ਸਰਦਾਰ ਹਰੀਸਿੰਘ ਦੀ ਸ਼ਹੀਦੀ ਦੀ ਖ਼ਬਰ ਬਹੁਤ ਦੂਰ ੨ ਚਾਰੋਂ ਤਰਫ਼ ਹਵਾਈ

ਘੋੜਿਆਂ ਤੇ ਪੁਰਾਵਿੱਤੀ ਤੇ ਅਨਗਿਣਤ ਪਠਾਨ ਗਾਜ਼ੀ ਅਪਨੇ ਨਾਲ ਇਕੱਠੇ ਕਰਕੇ ਬੁਧੌਰਾ ਨਾਮੇ ਪਿੰਡ ਵਿੱਚ ਸ਼ਖੀਰਾ ਬਨਾਯਾ, ਜਿਥੇ ਕਿੱਥੇ ਇਕੱਲਾ ਦੁਕੱਲਾ ਸਿੰਘ ਦੇਖਿਆ ਮਾਰ ਸੁਟਿਆ, ਥਾਂ ਥਾਂ ਤੇ ਲੁਟੇਰੇ ਡੇਰੇ ਲਾਈ ਬੈਠੇ ਸਨ, ਹਿੰਦੂਆਂ ਤੇ ਫੇਰ ਉਹੇ ਕਰੜੇ ਔਰੰਗਜ਼ੇਬੀ ਜ਼ੁਲਮ ਹੋਨ ਲੱਗਪਏ, ਜੋ ਧਨ ਦੌਲਤ ਸੀ ਸਬ ਖੋਹਕੇ ਮਿਟੀ ਦੇ ਤਵੇ ਰਲਵਾ ਦਿੱਤੇ, ਜੋ ਸੁੰਦਰ ਲੜਕੀ ਦੇਖੀ ਬਦੇ ਬਦੀ ਖੋਹ ਕੇ ਹਰਮਾਂ ਵਿੱਚ ਦਾਖਿਲ ਕਰ ਲਈ, ਤੇ ਇਮਾਮਬਾੜੇ ਵਿਚ ਵਾੜੀ ਗਈ, ਜ਼ੋਰ ਜ਼ੁਲਮ ਤਦੀ ਦੀ ਕੋਈ ਹੱਦ ਨ ਛੱਡੀ, ਏਧਰ ਸਿੰਘਾਂ ਨੇ ਭੀ ਲਾਹੌਰ ਦਰਬਾਰ ਵਿੱਚ ਸਰਦਾਰ ਹਰੀਸਿੰਘ ਦੇ ਸਖਤ ਜ਼ਖਮੀ ਹੋਣ ਦੀ ਖਬਰ ਭੇਜੀ ਪਰ ਓਥੇ ਭੀ ਜਮਾਦਾਰ ਖੁਸ਼ਾਲ ਸਿੰਘ ਵਗੈਰਾ ਵਜ਼ੀਰ ਕੋਈ ਕੁਲ ਨੂੰ ਵੱਟਾ ਲਾਉਣ ਵਾਲੇ ਬੈਠੇ ਸੀ, ਮਹਾਰਾਜ ਪਾਸ ਦੋ ਦਿਨ ਤਕ ਖਬਰ ਵੀ ਨ ਹੋਣ ਦਿੱਤੀ, ਏਧਰ ਏਹ ਆਫਤ ਤੇ ਬਿਪਤਾ ਇਹ ਕਿ ਸਿੰਘਾਂ ਦਾ ਮਾਰੂ ਓਧਰ ਓਹ ਬ੍ਰਾਹਮਨ ਮਿਸ਼੍ਰ ਕੁਝ ਨ ਬਣਨ ਦੇਣ.

ਤੀਸਰੇ ਦਿਨ ਜੋ ਏਨਾਂ ਨੇ ਰੋਕ ਪਾਈ ਤੇ ਅਜੇ ਇਸ ਹਤਿਆਰੇ ਦੋਹਾਨ ਕਿਉਂ ਖਬਰ ਹੋਣ ਦੇਣੀ ਸੀ, ਪਰ ਸੁਵਾਰ ਨੇ ਖੁਦ ਸਰਕਾਰ ਪਾਸ ਅਪੜ ਕੇ ਸਬ ਹਾਲ ਕਹਿ ਸੁਨਾਯਾ, ਤੇ ਰਾਤੋ ਰਾਤ ਫੌਜ ਨੂੰ ਡਬਲ ਕੂਚ ਕਰਾਕੇ ਸਹਾਇਤਾ ਲਈ ਹੁਕਮ ਲੈ ਕੇ ਆਇਆ, ਰੇਲ ਤਾਂ ਉਸ ਸਮੇ ਸੀ ਨਹੀਂ ਫੌਜ ਦੇ ਆਵਨ ਵਿੱਚ ਕੁਝ ਦੇਰ ਲਗੀ, ਏਧਰ ਪਠਾਨਾਂ ਨੇ ਹਿੰਦੂਆਂ ਦੇ ਜ਼ਾ ਦੀ ਓਹ ਆਫਤ ਆਂਦੀ ਕਿ ਕਾਨੀ ਲਿਖਦਿਆਂ ਭੀ ਕਾਂਬੀ ਪੈ ਜਾਂਦੀ ਹੈ, ਪਾਠਕ ਇਸ ਸੰਕਟ ਸਮੇਂ ਨੂੰ ਆਪ ਹੀ ਸੋਚ ਲੈਣ.

ਸਰਦਾਰ ਹਰੀ ਸਿੰਘ ਦੇ ਜ਼ਖਮ ਭੀ ਕੁਛ ਰਾਜ਼ੀ ਹੋ ਰਹੇ ਸੇ ਪਰ ਅਜੇ ਅੱਲ੍ਹੇ ਹੀ ਸਨ ਤੇ ਕਮਜ਼ੋਰੀ ਬਹੁਤ ਸੀ, ਇਸ ਹਾਲਤ ਵਿਚ ਭੀ ਅੰਮ੍ਰਿਤ ਦੀ ਸੱਚੋਸਰਫੀ ਨੇ ਨਿਚੱਲਾ ਨ ਬੈਠਨ ਦਿੱਤਾ, ਵਿਚਾਰੇ ਔਕੁੜ ਫਾਥੇ ਸ਼ਰਨ ਆਏ ਹਿੰਦੂਆਂ ਦੇ ਰੋਂਨ ਕੁਰਲਾਨ ਨੇ ਲਹੂ ਪੰਘਾਰਿਆ, ਇਕ ਦਿਨ ਇਕ ਬੜੇ ਸ਼ਾਹੂਕਾਰ ਹਿੰਦੂ ਦੀ ਜੁਵਾਨ ਸਾਹੇ ਬੱਧੀ ਲੜਕੀ ਨੂੰ ਜੋ ਸੁੰਦਰਤਾ ਦੀ ਪੁਤਲੀ ਸੀ ਬਾਹਰ ਜੰਗਲ ਹੋਂ[illegible] ਗਈ ਨੂੰ ਇਕ ਪਠਾਨ ਚੁਕਕੇ ਲੈ ਗਿਆ, ਉਸਤੋਂ ਤੀਸਰੇ ਦਿਨ ਈਦ ਸੀ ਤੇ ਉਸ ਵਿਚਾਰੀ ਅਨਾਥ ਰੋਂਦੀ ਕੁਰਲਾਂਦੀ ਨਿਮਾਣੀ ਕੰਨਿਆਂ ਨੂੰ ਜ਼ਬਰ ਦਸਤੀ ਮੁਸਲਮਾਨੀ ਬਨਾਕੇ ਮੁਹੰਮਦਖਾਂਤ੍ਰੀਨ ਨੇ ਨਕਾਹ ਵਿੱਚ ਲਿਆਵਨਾ ਸੀ। ਭਾਵੇਂ ਸਰਦਾਰਜੀ ਦੇ ਜ਼ਖਮ ਅਜੇ ਅੰਗੂਰ ਭੀ ਚੰਗੀਤਰ੍ਹਾਂ ਨਹੀਂ ਸੀ ਲਿਆਏ ਪਰ ਸਰਨਾਗਤਾਂ ਦੀ ਲਾਜ ਵਾਸਤੇ ਅਧੀ ਰਾਤੀ ਹੀ ਪੰਜ ਸੌ ਸੁਆਰ ਲੈਕੇ ਬੁਘੱਰਾ ਨਾਮੇ ਪਿੰਡ ਨੂੰ ਜਾ ਘੇਰਿਆ, ਤੇ ਉਸ ਲੜਕੀ ਨੂੰ ਪਹਿਰੇਦਾਰਾਂ ਦੇ ਕਬਜ਼ੇ ਵਿੱਚੋਂ ਛੁਡਾਕੇ ਉਸਦੇ ਮਾਪਿਆਂ ਨੂੰ ਦੇ ਦਿੱਤਾ ਤੇ ਪਿੰਡ ਨੂੰ ਸਾੜਨ ਦਾ ਹੁਕਮ ਦਿੱਤਾ। ਇਸ ਔਕੜ ਵਿਚ ਜੋ ਪਠਾਨ ਭਜਿਆ ਸੋ ਤਲਵਾਰ ਦੀ ਭੇਟ ਹੋਯਾ ਜੋ ਠਹਿਰਿਆ ਸੋ ਵਿੱਚੇ ਸੜ ਬਲ ਗਿਆ.

ਇਸ ਅਚਨਚੇਤ ਦੀ ਬਿੱਪਤਾ ਨੂੰ ਦੇਖਕੇ ਪਠਾਨਾਂ ਨੂੰ ਅਪਨੀ ਭੁਲ ਮੰਨਣੀ ਪਈ ਤੇ ਜਾਨ ਗਏ ਕਿ ਸਰਦਾਰ ਹਰੀ ਸਿੰਘ ਅਜੇ ਜੀਊਂਦਾ ਹੈ, ਕਿਉਂ ਜੋ ਐਸੀ ਫੁਰਤੀ ਦਾ ਕੰਮ ਕਿਸੇ ਹੋਰ ਤੋਂ ਹੋਣਾ ਅਸੰਭਵ ਹੈ.

ਇਸ ਲੜਾਈ ਤੋਂ ਪਿਛੋਂ ਸਰਦਾਰ ਜੀ ਕੁਝ ਦਿਨ ਵਾਸਤੇ ਗੁਜਰਾਂਵਾਲੇ ਆਏ, ਤੇ ਕੱਤਕ ਵਿੱਚ ਬਹੁਤ ਸਾਰੇ ਘੋੜੇ

ਤੁਹਫੇ ਲੈਕੇ ਮਹਾਰਾਜ ਜੀਨੂੰ ਲਾਹੌਰਆਕੇ ਮਿਲੇ। ਸ੍ਰਕਾਰ ਨੇ ਭੀ ਵਡੇ ਚੰਗੇ ਸਿਰੋਪਾਓ ਤੇ ਜਾਗੀਰਾਂ ਦੇਕੇ ਇੱਕ ਹਾਥੀ, ਅਰਬੀ ਘੋੜਾ ਸੁਨੈਹਰੀ ਸਾਮਾਨ ਸਮੇਤ, ਦੇਕੇ ਖੂਬ ਹੌਂਸਲਾ ਵਧਾਯਾ ਤੇ ਪਿਸ਼ਾਵਰ ਤੇ ਯੂਸਫਜ਼ਈ ਇਲਾਕੇਵੱਲ ਵਧਨਵਾਸਤੇ ਕਿਹਾ ਸਰਦਾਰ ਜੀ ਇਸ ਬਾਤ ਨੂੰ ਸੁਣਕੇ ਕੂਚ ਕਰਕੇ ਆਪਨੇ ਹੈਡ ਕੁਆਰਟਰ ਹਜ਼ਾਰੇ ਵਲ ਨੂੰ ਚਲੇ ਆਏ.

## ਗੱਖੜਾਂ ਦੇ ਇਲਾਕੇ ਖਾਨਪੁਰ ਦੀ ਜ਼ਬਤੀ ਤੇ ਜ਼ਾਂਫਰਖਾਂ ਗੋਲੜੀਏ ਦੀਮੌਤ ( ੨੩ )

ਇਸ ਵਕਤ ਸਾਰੇ ਹਜ਼ਾਰੇ ਦੇ ਇਲਾਕੇ ਵਿੱਚ ਸਰਦਾਰ ਜੀ ਦਾ ਰਾਜ ਸੀ, ਪਰ ਰਾਜਾ ਜਾਫਰਖਾਂ ਗੋਲੜੇ ਦੇ ਰਹਿਣ ਵਾਲਾ ਤੇ ਰਾਜਾ ਨਜ਼ਫਅਲੀਖਾਂ ਤੇ ਗੌਹਰਅਲੀਖਾਂ ਗਖੜ ਖਾਨਪੁਰਦੇ ਰਹਿਣ ਵਾਲੇ ਜੋ ਬੜੇ ਪ੍ਰਸਿੱਧ ਰਈਸ ਸਨ, ਚੰਗੀ ਤਰਾਂ ਈਨ ਨਹੀਂ ਸੀ ਮੰਨਦੇ,ਅਤੇ ਕੇਵਲ ਸਾਲਾਨਾ ਨਜ਼ਰਾਨਾਹੀ ਲਾਹੌਰ ਦਰਬਾਰ ਨੂੰ ਦੇਂਦੇ ਸਨ, ਪਰ ਓਹ ਭੀ ਬੁਰੇ ਹਾਲਾਂ ਨਾਲ। ਸਰਦਾਰਹਰੀਸਿੰਘਜੀ ਅਜੇ ਰਾਵਲਪਿੰਡੀਹੀ ਸਨ ਕਿ ਸਰਦਾਰ ਮਹਾਂਸਿੰਘ ਦੀ ਰਪੋਟ ਪਹੁੰਚੀ ਕਿਅਜੇਤਕ ਗਖੜਾਂ ਨੇ ਸਾਲਾਨਾ ਨਜ਼ਰ ਦਾ ਮਾਮਲਾ ਨਹੀਂ ਦਿੱਤਾ, ਤੇ ਲੜਾਈ ਕਰਨ ਨੂੰ ਤਿਆਰ ਹਨ। ਏਹ ਸੁਣਕੇ ਪਹਿਲੇ ਸਰਦਾਰ ਜੀ ਨੇ ਜਾਫ਼ਰਖਾਂ ਗੋਲੜੀਏ ਨੂੰ ਨਜ਼ਰਾਨਾ ਦਾਖਲ ਕਰਨ ਵਾਸਤੇ ਪਰਵਾਨਾ ਭੇਜਿਆ ਪਰ ਏਸਦੇ ਮਨ ਵਿੱਚ ਆਪਣੀ ਬੀਰਤਾ ਤੇ ਰੱਖਯਤੂ ਤੇ ਅਮੁਕ ਸੈਨਾ ਦਾ ਘੁਮੰਡ ਸੀ, ਸੋ ਇਸ ਪਰਵਾਨੇ.ਦਾ ਜੁਵਾਬ ਤਾਂ ਇਸਨੇ ਕੁਛ ਨ ਦਿੱਤਾ, ਪਰ ਝਟ ਪਟ ਤਿਆਰੀ ਕਰਕੇ ਉਸੇ ਰਾਤ ਹੀ ਸਿੰਘਾਂ

ਦੇ ਦਲ ਤੇ ਛਾਪਾ ਮਾਰਿਆ, ਸਿੰਘ ਭੀ ਬ੍ਰਾਹਮਣਾਂ ਦੀ ਖੋਰ ਨਹੀਂ ਸਨ ਸੋ ਇਸ ਰੰਘੜਨੇ ਮੂੰਹ ਦੀ ਹੀ ਖਾਧੀ ਤੇ ਸਿੰਘਾਂ ਨੇ ਇਸ ਨੂੰ ਕੈਦ ਕਰ ਲਿਆ.

ਦਿਨ ਚੜ੍ਹੇ ਜਦ ਦੀਵਾਨ ਲੱਗਾ ਤਾਂ ਜ਼ਾਫਰਖਾਂ ਨੂੰ ਸਰਦਾਰ ਜੀ ਦੇ ਪੇਸ਼ ਕੀਤਾ ਗਿਆ । ਜ ਫਰਖਾਂ ਬੜਾ ਕਦਾਵਰ ਤੇ ਵਜਾਹ ਸ਼ਜੀਲਾ ਬਲੀ ਜੁਵਾਨ ਸੀ, ਪਰ ਹੁਣ ਪਰ ਟੁਟੇ ਹੋਏ ਪੰਛੀ ਵਾਂਗੂੰ ਮੱਧਮ ਚੇਹਰਾ ਕਰੀ ਖੜਾ ਸੀ । ਭਾਂਵੇਂ ਫੌਜ ਇਸਦੀ ਮਾਰੀ ਗਈ, ਅਰ ਪਿਛਾ ਦੇ ਗਈ ਸੀ ਪਰ ਖੁਦ ਭੀ ਹੌਸਲੇ ਦਾ ਬਲਬੀਰ ਸੀ, ਉਸ ਵੇਲੇ ਭੀ ਦਿਲ ਨੂੰ ਡਾਢ ਦੇਕੇ ਸਰਦਾਰ ਜੀ ਨੂੰ ਇਕੱਲਿਆਂ ਆਪਣੇ ਨਾਲ ਤਲਵਾਰ ਦੇ ਦੋ ਵਾਰ ਕਰਨ ਵਾਸਤੇ ਇਸਨੇ ਵੰਗਾਰਿਆ.

ਇਸ ਬਾਤ ਨੂੰ ਸੁਣਕੇ ਸਰਦਾਰ ਜੀ ਹੱਸ ਪਏ ਤੇ ਕਹਿਣ ਲੱਗੇ ਕਿ ਤੂੰ ਸਾਡੇ ਇਕ ਸਿਪਾਹੀ ਦਾ ਤਾਂ ਅੰਡਾ ਨਹੀਂ ਖਾ ਸਕਦਾ ਤੇ ਤੂੰ ਸਾਨੂੰ ਕੀਂਕਨ ਵੰਗਾਰਦਾ ਹੈਂ ?

ਜਾਫਰਖਾਂ । ਮੈਨੂੰ ਤੇਰੀ ਫੌਜ ਵਿਚ ਕੋਈ ਭੀ ਲੜਾਕਾ ਸਿਪਾਹੀ ਨਹੀਂ ਦਿਸਦਾ, ਅਰ ਤੈਨੂੰ ਭੀ ਮੈਂ ਜਾਣਦਾ ਹਾਂ ਕਿ ਗੁਜਰਾਂ ਵਾਲੇ ਦਾ ਵਸਨੀਕ ਇੱਕ ਕਿਰਾੜ ਖਤ੍ਰੀ ਹੈਂ, ਤੇ ਹੁਣ ਲੁਟੇਰਿਆਂ ਦੀ ਜਮਾਤ ਬਨਾਕੇ ਮੁਲਕ ਨੂੰ ਵਿਨਾਸ਼ ਕਰ ਰਿਹਾ ਹੈਂ, ਸੋ ਇਸ ਤਬਾਹੀ ਦੇ ਝਮੇਲੇ ਨੂੰ ਸਦਾ ਵਾਸਤੇ ਮੁਕਾਨ ਲਈ ਮੈਂ ਦੋ ਹਥ ਕਰਨ ਨੂੰ ਇਸ ਭਰੇ ਦਰਬਾਰ ਵਿੱਚ ਪੁਕਾਰਕੇ ਵੰਗਾਰਦਾ ਹਾਂ, ਕਿਉਂਕਿ ਮੈਨੂੰ ਤਾਂ ਇਸ ਗਾਂਢਵੀ ਲੁਟੇਰਿਆਂ ਦੀ ਧਾੜ ਵਿਚ ਇਕ ਭੀ ਸਿਪਾਹੀ ਨਹੀਂ ਦਿਸਦਾ.

ਸਰਦਾਰ ਜੀ ( ਗੁਸਾ ਜ਼ਬਤ ਕਰਕੇ ਤੇ ਕੈਦੀ ਤੇ ਵਾਰ ਕਰਨੋਂ ਰੁਕਕੇ) ਏਹ ਗਾਂਢਵੀ ਲੁਟੇਰਿਆਂ ਦੀ ਧਾੜ ਹੈ ਕਿ ਜੋਕ

ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਤਨਖਾਹਦਾਰ ਫੌਜ ਹੈ, ਪਰ ਹਛਾ ਹੁਣ ਤੂੰ ਤਿਆਰ ਹੋ! ਤੈਨੂੰ ਅਸੀ ਆਪਣੀ ਫੌਜ ਵਿੱਚ ਜਿਸ ਸਿਪਾਹੀ ਨਾਲ ਚਾਹੇਂ ਲੜਾਈਏ, ਪਰ ਤੂੰ ਰੌਘੜ ਹੈਂ ਸੋ ਤੇਰੇ ਨਾਲ ਸਾਡਾ ਇੱਕ ਰੰਘਰੇਟਾ ਸਿਪਾਹੀ ਹੀ ਲੜੇਗਾ ਤੇ ਤੇਰੀ ਸ਼ੇਖ਼ੀ ਲਾਹ ਦੇਵੇਗਾ ਅਰ [redacted] ਤੂੰ ਕੁ[redacted] ਹੋਰ ਲੈਣਾ ਹੋਯਾ ਤਾਂ ਓਹ ਭੀ ਸਾਨੂੰ ਦਸ ਦੇਵੀਂ, ਏਹ ਬਾਤ ਕਹਿਕੇ ਸ੍ਰਦਾਰ ਜੀ ਨੇ ਉਸਦੀ ਬੰਦਖਲਾਸੀ ਕਰ ਦਿੱਤੀ ਤੇ ਤਿਆਰ ਬਰ ਤਿਆਰ ਸਨੱਧ ਬੱਧ ਹੋਜਾਣ ਵਾਸਤੇ ਕਿਹਾ, ਅਤੇ ਆਪਣੇ ਸਿਪਾਹੀ ਸੰਤਾਸਿੰਘ ਮਜ਼ਬੀ ਨੂੰ ਉਸ ਨਾਲ ਦੋ ਹਥ ਕਰਨ ਵਾਸਤੇ ਕਿਹਾ.

ਇਹ ਸਿਪਾਹੀ ਭੀ ਬੜਾ ਦਿਲਚਲਾ ਜੁਆਨ ਸੀ, ਹੁਕਮ ਪਾਉਂਦਿਆਂ ਹੀ ਤਿਆਰ ਹੋਕੇ ਪੈਂਤੜੇ ਤੇ ਆਨ ਖੜੋਤਾ, ਅਤੇ ਭਰੇ ਦੀਵਾਨ ਵਿਚ ਜਾਫਰਖਾਂ ਨੂੰ ਪਹਿਲਾ ਵਾਰ ਕਰਨ ਵਾਸਤੇ ਵੰਗਾਰਿਆ, ਜਾਫਰਖਾਂ ਨੇ (ਜਿਸਦੇ ਹੋਸ਼ ਐਸੇ ਸਜੀਲੇ ਸਿਪਾਹੀ ਦੀ ਸ਼ਕਲ ਤੇ ਫੁਰਤੀ ਵੇਖਕੇ ਗੁੰਮ ਹੋਗਏ ਸਨ) ਉਤੋਂ ਤਾਂ ਬਹੁਤੇਰਾ ਕਿਹਾ ਕਿ ਸਿੰਘਾਂ ਪਹਿਲਾਵਾਰ ਤੂੰ ਕਰਲੈ ਪਰ ਸੰਤਾ ਸਿੰਘ ਨੇ ਕੁਛਨ ਮੰਨੀ ਅਤੇ ਪਹਿਲਾਵਾਰ ਕਾਇਰਤਾ ਜਾਣਕੇ [redacted] ਕੀਤਾ.

ਬਾਰ ੨ ਏਹੋ ਸੁਣਕੇ ਜਾਫਰਖਾਂ ਨੇ ਇਕ ਦੋ ਵਾਰ ਪਹਿਲੇ ਕੀਤੇ ਜਿਨਾਂ ਨੂੰ ਸੰਤਾ ਸਿੰਘ ਨੇ ਬੜੇ ਦਾਉ ਤੇ ਫੁਰਤੀ ਨਾਲ ਢਾਲ ਤੇ ਰੋਕਿਆ, ਕੁਛ ਚਿਰ ਕੁਲੋਚੇ ਦੀ ਲੜਾਈ ਮਚੀ ਰਹੀ, ਜਾਫਰਖਾਂ ਭੀ ਚੰਗਾ ਚੋਣਵਾਂ ਜੋਧਾ ਤੇ ਉੱਘਾ ਸੂਰਮਾ ਸੀ, ਪਰ ਸਿਪਾਹੀ ਸੰਤਾਸਿੰਘ ਭੀ ਬੜਾ ਨਾਮੀ ਨਿਸ਼ਾਨਚੀ ਕੁਲੋਚੇ ਬਾਜ਼ ਚੁਣਿਆਂ ਹੋਯਾ ਸੀ, ਅਰ ਇਸੇ ਕਰਕੇ ਸਰਦਾਰ ਜੀ ਦੀ

ਖਾਸ ਅਫ਼ਜ਼ਲ ਦਾ ਪੋਤਰਾ ਸੀ । ਕੁਛ ਚਿਰ ਲੜਾਈ ਬਰਾਬਰ ਰਹੀ,ਛੇਕੜ ਸੈਤਾਸਿੰਘ ਦੀ ਇੱਕ ਵਧਵੀਂ ਤੇ ਤੁਲਵੀਂ ਤਲਵਾਰ ਨੇ ਜ਼ਾਫ਼ਰਖਾਂ ਨੂੰ ਜਮ ਧਾਮ ਦਾ ਰਸਤਾ ਦਸਿਆ.

ਜ਼ਾਫ਼ਰਖਾਂ ਦੇ ਇੱਕ ਸਿਪਾਹੀ ਕੋਲੋਂ ਇਸ ਤਰ੍ਹਾਂ ਲੜਕੇ ਮਰਨ ਦੀ ਖਬਰ ਬਹੁਤ ਛੇਤੀ ਮਸ਼ਹੂਰ ਹੋ ਗਈ, ਸੋ ਨਿਕੇ ੨ ਸਭਨਾਂ ਰਈਸਾਂ ਨੇ ਈਨਾਂ ਹੁਣ ਮੰਨ ਲਈਆਂ, ਤੇ ਨਜ਼ਰਾਨੇ ਦਿੱਤੇ,ਹੁਣ ਜਦ ਗਖੜਾਂ ਨੇ ਹਰ ਪਾਸਿਓਂ ਸਰਦਾਰ ਜੀਦੀ ਫਤਹ ਹੁੰਦੀ ਵੇਖੀ ਤੇ ਬਹੁਤ ਸਾਰੀ ਫੌਜ ਤੇ ਖੁਦ ਸਰਦਾਰਹਰੀਸਿੰਘ ਨੂੰ ਕਮਾਨੀਅਰ ਸੁਣਿਆ ਤਾਂ ਇਨ੍ਹਾਂ ਦੇ ਹੋਸ਼ਉੱਡ ਗਏ.

ਸਰਦਾਰ ਜੀ ਨੇ ਅਪਨੀ ਕੁਛ ਫੌਜ ਨੂੰ ਪੰਜਗਰ੍ਹਾ ਦੇ ਰਸਤੇ ਖਾਨ ਪੁਰ ਵਲ ਭੇਜਿਆ ਤੇ ਸਰਦਾਰ ਮਹਾਂ ਸਿੰਘ ਨੂੰ ਹਰੀ ਪੁਰੋਂ ਉਧਰ ਜਾਨ ਵਾਸਤੇ ਕਹਿ ਭੇਜਿਆ, ਅਤੇ ਆਪ ਸਿਧੇ ਖਾਨ ਪੁਰ ਵਲ ਚਲੇ, ਏਹ ਗਖੜ ਜਾਨੇ ਅਪਨੇ ਵੱਡੇ ਭਾਈ ਜਾਫਰਖਾਂ ਦੀ ਮੌਤ ਤਾਂ ਸੁਣ ਹੀ ਚੁਕੇ ਸਨ; ਹੁਨ ਅਪਨੀ ਭੀ ਤੁਸੇ ਤਰ੍ਹਾਂ ਆਈ ਸਮਝ ਕੇ ਬਿਨਾ ਲੜਾਈ ਦੇ ਸਬ ਇਲਾਕਾ ਸਰਦਾਰ ਜੀ ਦੇ ਹਵਾਲੇ ਕਰਕੇ, ਅਪਨੇ ਬਾਲ ਬੱਚੇ ਦੀ ਜਾਨ ਬਖਸ਼ੀ ਕਰਵਾਕੇ ਪਹਾੜਾਂ ਨੂੰ ਭੱਜ ਗਏ.

## ਕਿਲੇ ਜਹਾਂਗੀਰੇ ਦੀ ਚੜ੍ਹਾਈ ਤੇ ਜਿੱਤ (੨੨)

ਯਾਰਮੁਹੰਮਦਖਾਂ ਬਾਰਕਜ਼ਈ ਆਪਨੇ ਭਾਈ ਦੋਸਤ-ਮੁਹੰਮਦਖਾਂ ਅਮੀਰ ਕਾਬਲ ਨਾਲ ਕੁਛ ਨਾਰਾਜ਼ ਹੋਕੇ ਸਰਕਾਰ ਲਾਹੌਰ ਦੇ ਝੰਡੂ ਛਾਯਾ ਹੇਠ ਆਗਿਆ, ਤੇ ਆਪਨਾ ਪਿਸ਼ਾਵਰ ਦਾ ਇਲਾਕਾ ਛੱਡ ਆਯਾ.

ਏਸ ਖਬਰ ਨੂੰ ਅਤੇ ਸਿੰਘਾਂ ਦੇ ਉਧਰ ਦੇ ਸਰਹਦੀ ਬਾਰ-

ਨਾਮੇ ਤੇ ਪਠਾਨਾਂ ਦੀ ਕਾਇਰਤਾ ਨੂੰ ਸੁਨਕੇ ਮੁਹੰਮਦਆਜ਼ਮ ਖਾਂ ਬੜਾ ਭੜਕਿਆ ਸੋ ਉਸਨੇ ੨੭ ਜਨਵਰੀ ੧੮੨੪ ਈ: ਨੂੰ ਪਿਸ਼ਾਵਰ ਆਕੇ ਬਹੁਤ ਸਾਰੇ ਮੁਲਾਨੇ ਤੇ ਕਾਜ਼ੀ ਸਦੇ, ਅਤੇ ਉਨਾਂ ਦੀ ਸਹਾਇਤਾ ਨਾਲ ਮਜ਼ਹਬੀ ਜਹਾਦੀ ਲੜਾਈ ਸਿੱਖਾਂ ਨਾਲ ਕਰਨ ਵਾਸਤੇ ਬਹੁਤ ਸਾਰੇ ਮੁਲਖੈਯੇ ਨੂੰ ਪ੍ਰੇਰਿਆ.

ਇਸ ਗਲ ਦੇ ਕਹਿਨ ਦੀ ਲੋੜ ਨਹੀਂ ਕਿ ਕਿਸ ਫੁਰਤੀ ਨਾਲ ਗਾਜ਼ੀ ਪਠਾਨ ਯੂਸਫ਼ਜ਼ਈ, ਬਾਰਕਜ਼ਈ, ਕਜ਼ਲਬਾਸ਼, ਖਟਕ ਆਦਿਕ ਉਸਨੇ ਸਿੱਖਾਂ ਦੇ ਮਾਰਨ ਵਾਸਤੇ ਇੱਕਠੇ ਕਰ ਲਏ, ਤੇ ਓਹ ਕਿਸ ਉਮੈਦ ਤੇ ਸਿੱਖਾਂ ਨੂੰ ਆਪਨੇ ਦੇਸ ਦੀ ਹੱਦ ਤੋਂ ਕੱਢਨ ਤੇ ਮਾਰਨ ਵਾਸਤੇ ਆਏ, ਜੋ ਏਨ੍ਹਾਂ ਦੇ ਧਰਮ ਮੁਤਾਬਿਕ ਕਾਫ਼ਰ ਕਹੇ ਜਾਂਦੇ ਹਨ, ਘਰ ੨ ਏਹੋ ਚਰਚਾ, ਥਾਂ ੨ ਏਹੋ ਗੱਲ ਗਪੈੜਾ, ਮੁਸਲਮਾਨ ਮੁਲਾਣੇ ਵਾਇਜ਼ ਦੇ ੨ ਕੇ ਸਦੀਆਂ ਦਾ ਕੰਮ ਦਿਨਾਂ ਵਿੱਚ ਕਢ ਆਏ, ਤੇ ਸਭ ਮੁਲਖੈਯਾਤੇ ਫੌਜ ਇੱਕ ਜਾਨ ਹੋ ਮਰਨਮਾਰਨ ਠਾਨਕੇ ਮੁਹੰਮਦੀ ਝੰਡੇ ਹੇਠ ਜਹਾਂਗੀਰੇ ਦੇ ਪਾਸ ਇਕੱਠੇ ਹੋਗਏ.

ਸਰਕਾਰ ਨੇ ਭੀ ਇਸ ਖਬਰ ਨੂੰ ਸੁਨਕੇ ਕੌਰ ਸ਼ੇਰਸਿੰਘ ਜੀ ਤੇ ਦਸ਼ੋਰਦੀਵਾਨਚੰਦ ਦੇ ਮਾਤੈਹਤ ਬਹੁਤ ਸਾਰੀ ਫੌਜ ਓਧਰ ਨੂੰ ਤੋਰੀ,ਏਹ ਫੌਜ [illegible] ਮਾਰਚ ੧੮੨੪ ਮਈ: ਨੂੰ ਅਕੋੜੇ ਪਹੁੰਚੀ,ਏਥੇ ਸਰਦਾਰ ਜੈਸਿੰਘ ਅਟਾਰੀ ਵਾਲਾ ਭੀ ਆ ਮਿਲਯਾ ਤੇ ਆਪ ਮਹਾਰਾਜਾ ਰਣਜੀਤਸਿੰਘਜੀ ਭੀ ਅਟਕ ਆਮਿਲੇ ॥

ਫੌਜ ਨੇ ਪਾਰ ਹੋਕ ਜਹਾਂਗੀਰੇ ਦੇ ਕਿਲੇ ਦਾ ਜਿੱਥੇ ਮੁਹੰਮਦ-ਆਜ਼ਮ ਦਾ ਕਬਜ਼ਾ ਸੀ ਘੇਰਾ ਪਾ ਲਿਆ, ਗਾਜ਼ੀ ਅਨਗਿਨਤ ਸਨ ਕਈ ਦਿਨ ਘੇਰਾ ਰਿਹਾ ਪੂਰ ਕੁਝ ਪੇਸ਼ ਨ ਗਈ.

ਸਰਕਾਰ ਨੂੰ ਭੀ ਪਲ ੨ ਦੀ ਖਬਰ ਪਹੁੰਚਦੀ ਸੀ ਸਦ

ਕਿਲਾ ਟੁਟਨ ਦੀ ਆਸ ਲੈਮੀ ਹੁੰਦੀ ਦੇਖੀ ਤਾਂ ਸਰਦਾਰ ਹਰੀ ਸਿੰਘ ਜੀ ਨੂੰ ਹਜ਼ਾਰੇ ਦੇ ਇਲਾਕੇ ਵਿੱਚ ਜ਼ਰੂਰੀ ਤੇ ਫ਼ੌਜੀ ਹੁਕਮ ਭੇਜ ਕੇ ਇਨ੍ਹਾਂ ਦੀ ਸਹਾਇਤਾ ਲਈ ਇਸ ਲੜਾਈ ਵਿੱਚ ਬੁਲਾਇਆ।

ਸਰਦਾਰ ਜੀ ਨੂੰ ਏਸ ਕਿਲੇ ਦੇ ਅੰਦਰ ਦੀ ਬਨਾਵਟ ਦਾ ਪਤਾ ਸੀ ਸੋ ਹੱਲਾ ਕਰਨ ਤੋਂ ਪਹਿਲੇ ਅਰਦਾਸਾ ਸੋਧ ਕੇ ਬੇਨਤੀ ਕੀਤੀ ਕਿ ਅਕਾਲ ਪੁਰਖ ਜੀ ਸਹਾਇਤਾ ਕਰਨ ਤਾਂ ਸੂਰਜ ਡੁੱਬਨ ਤੋਂ ਪਹਿਲੇ ੨ ਇਸ ਕਿਲੇ ਤੇ ਖਾਲਸਈ ਝੰਡਾ ਝੂਲੇਗਾ, ਸੋ ਏਹ ਕਹਿਕੇ ਫੌਜ ਦੀ ਕਮਾਨ ਦੂਜੇ ਪਾਸੇ ਜਾਕੇ ਸੰਭਾਲੀ ਤੇ ਤੋਪਾਂ ਦਾ ਮੂੰਹ ਦੂਸਰੇ ਪਾਸੇ ਫੇਰ ਕੇ ਓਹ ਗੋਲੇ ਮਾਰੇ ਕਿ ਕਿਲੇ ਦੀ ਕੰਧ ਤੋੜ ਦਿੱਤੀ, ਭਾਵੇਂ ਅੰਦਰੋਂ ਪਠਾਨ ਭੀ ਜਾਨ ਹੋਲ ੨ ਕੇ ਬਾਜ਼ੀ ਹਿਨ ਵਾਸਤੇ ਲੜੇ ਪਰ ਕੁਛ ਪੇਸ਼ ਨ ਗਈ.

ਕਿਲੇ ਦੀ ਕੰਧ ਟੁਟਨ ਤੇ ਸਰਦਾਰ ਜੀ ਨਾਲ ਦੇ ਸੰਗੀਆਂ ਸਮੇਤ ਅਕਾਲ ੨ ਦੇ ਸ਼ਬਦ ਉਚਾਰਦੇ ਹੋਏ ਬੜੇ ਬਲ ਤੇ ਤੇਜ਼ੀ ਨਾਲ ਗਾਜ਼ੀਆਂ ਪਠਾਨਾਂ ਦੀ ਬਰਸਦੀ ਅੱਗ ਵਿੱਚ ਚੀਰਕੇ ਲੰਘੇ, ਤੇ ਪਲੋ ਪਲੀ ਵਿੱਚ ਆਪਨੇ ਸਭ ਤੋਂ ਪਹਿਲ ਜਾਕੇ ਸਤਿ ਨਾਮੁ ਪੜ੍ਹਕੇ ਖਾਲਸਈ ਝੰਡਾ ਕਿਲੇ ਤੇ ਗਡ ਦਿੱਤਾ.

ਇਸ ਵਕਤ ਕਈ ਜੋਧ ਦਿਲਚਲੇ ਦਲੇਰ ਸਿੰਘ ਕਿਲੇ ਤੇ ਚੜ੍ਹਨ ਦੀ ਕੋਸ਼ਿਸ਼ ਵਿੱਚ ਸ਼ਹੀਦੀ ਦੀ ਰਸੀਦ ਪਾਕੇ ਜਨਮ ਮਰਨ ਦੇ ਗੇੜੇ ਵਿੱਚੋਂ ਛੁਟ ਗਏ, ਹੁਣ ਜਦ ਪਠਾਨਾਂ ਨੇ ਸਰਦਾਰ ਹਰੀ ਸਿੰਘ ਨੂੰ ਖੁਦ ਕਿਲੇ ਤੇ ਝੰਡਾ ਗਡਦਿਆਂ ਦੇਖਿਆ ਤਾਂ ਸਾਰੇ ਸਹਮ ਸਾਰਸ ਵਾਂਗੂ ਉਡਗਏ ਤੇ ਕਿਲਾ ਛੱਡਕੇ ਭੱਜਨਿਕਲੇ.

ਸਰਦਾਰ ਜੀ ਨੇ ਇਸ ਬੇਨਜ਼ੀਰ ਸੂਰਮਤਾ ਨਾਲ ਆਪਣੀ ਕਹਿਨੀ ਨੂੰ ਸਿੱਧ ਕੀਤਾ ਅਤੇ ਸਿੱਖਾਂ ਨੇ ਰਹਿਰਾਸ ਦਾ ਪਾਠ ਕਿਲੇ ਦੇ ਵਿੱਚ ਹੀ ਜਾਕੇ ਕੀਤਾ ਤੇ ਅਕਾਲ ਪੁਰਖ ਦੇ ਸ਼ੁਕਰ ਦੇ

ਅਰਦਾਸੇ ਤੇ ਜੈਕਾਰੇ ਬੁਲਾਏ.

# ਖਿਬੜੀ ਪਹਾੜੀ ਦੀ ਖੂੰਖਾਰ ਲੜਾਈ ਤੇ ਬਾਬਾ ਫੂਲਾਸਿੰਘ ਜੀ ਅਕਾਲੀ ਦੀ ਸ਼ਹੀਦੀ ( ੨੩ )

ਜਹਾਂਗੀਰੇ ਦੇ ਕਿਲੇ ਦੀ ਫਤਹ ਦੀ ਵਾਰਤਾ ਤਾਂ ਆਪ ਪਿਛੇ ਪੜ੍ਹ ਹੀ ਚੁਕੇ ਹੋ, ਭਾਂਵੇਂ ਇਸ ਲੜਾਈ ਵਿੱਚ ਪਠਾਣਾਂ ਦੀ ਬੜੀ ਦੁਰਗਤ ਬਨੀ ਸੀ ਪਰ ਏਨ੍ਹਾਂ ਨੂੰ ਸਿੱਧਾ ਚੀਰਕਰਨਾ ਕੋਈ ਸਹਿਲ ਕੰਮ ਨਹੀਂ ਸੀ, ਸੋ ਏਹ ਐਥੋਂ ਭਾਂਜ ਖਾਕੇ ਫਿਰਦੇ ਗਿਰਦੇ ਹਥ ਪੈਰ ਮਾਰਨ ਲਗੇ ਤੇ ਕੀੜੀਆਂ ਵਾਂਗੂ ਇਧਰ ਉਧਰ ਭੌਂਦੇ ਪਏ ਦਿਸਦੇ ਸੀ, ਕਈ ਥਾਵਾਂ ਤੋਂ ਹਾਰ ਖਾਧੀ, ਪਰ ਫਿਰ ਭੀ ਬੀਸ ਹਜ਼ਾਰ ਤੋਂ ਵਧੀਕ ਗਾਜ਼ੀ ਖਿਬੜੀ ਦੀ ਪਹਾੜੀ ਤੇ ਜ਼ਖੀਰਾ ( Base of compaign.) ਬਨਾ ਬੈਠੇ.

ਇਸ ਥਾਂ ਤੇ ਜਾਣਾ ਬੜਾ ਮੁਸ਼ਕਲ ਸੀ ਕਿਉਂਕਿ ਮੁਹੰਮਦ ਆਜ਼ਮ ਭੀ ਆਪਨੀ ਕਾਬਲੀ ਸੈਨਾ ਸਮੇਤ ਲੰਡੇ ਦਰਯਾ ਤੋਂ ਪਾਰ ਡੇਰੇ ਜਮਾਏ ਬੈਠਾ ਸੀ, ਤੇ ਏਧਰ ਉਰਾਰ ਆਉਣ ਨੂੰ ਬੇੜੀਆਂ ਦੀ ਉਡੀਕ ਵਿੱਚ ਸੀ, ਪਰ ਇਸ ਪਾਸੇ ਦੀਆਂ ਸਾਰੀਆਂ ਬੇੜੀਆਂ ਤੇ ਸਿੰਘਾਂ ਨੇ ਆਪਨਾ ਕਬਜ਼ਾ ਕਰ ਲਿਆ ਹੋਯਾ ਸੀ, ਮਹਾਰਾਜਾ ਰਣਜੀਤਸਿੰਘ ਜੀ ਭੀ ਖੁਦ ਇਸ ਲੜਾਈ ਵਿੱਚ ਸ਼ਾਮਲ ਸੈਂ, ੪ ਚੇਤ੍ਰ ੧੮੮੦ ਬਿ: ਨੂੰ ਦੁਪੈਹਰ ਵੇਲੇ ਮੁਖਬਰਨੇ ਖਬਰ ਦਿਤੀ ਕਿ ਹੁਣ ਮੁਹੰਮਦਆਜ਼ਮ ਨੇ ਹੋਰ ਬੇੜੀਆਂ ਦਾ ਪੂਰਾ ੨ ਬੰਦੋਬਸਤ ਕਰ ਲਿਆ ਹੈ, ਤੇ ਅਜ ਹੀ ਲੰਡਾ ਦਰਯਾ

ਪਾਰ ਹੋਕੇ ਗਾਜ਼ੀਆਂ ਨੂੰ ਜਾ ਮਿਲੇਗਾ.

ਦਿਨ ਤਾਂ ਇਸ ਵਕਤ ਥੋੜਾ ਸੀ ਪਰ ਇਸ ਖਿਆਲ ਤੇ ਕਿ ਜੇ ਕਲ ਮੁਹੰਮਦਆਜ਼ਮ ਸਾਰੀ ਆਪਨੀ ਬੀਸ ਹਜ਼ਾਰ ਫੌਜ ਤੇ ਤੋਪਖਾਨੇ ਸਮੇਤ ਪਹਾੜੀ ਤੇ ਚੜ੍ਹਗਿਆ ਤਾਂ ਫਿਰ ਇਸਨੂੰ ਸਰ ਕਰਨਾ ਬੜਾ ਕਠਿਨ ਹੋ ਜਾਵੇਗਾ, ਸੋ ਫੌਰਨ ਲੜਾਈ ਦਾ ਹੁਕਮ ਦੇ ਦਿਤਾ, ਇਕ ਪਾਸੇ ਜਨਰਲ ਵੈਨਤੂਰੇ ਨੂੰ ਬਹੁਤ ਸਾਰੀ ਫੌਜ ਦੇਕੇ ਉਸਦਾ ਰਸਤਾ ਰੋਕਣ ਵਾਸਤੇ ਥਾਪਿਆ, ਤੇ ਸਰਦਾਰ ਹਰੀ ਸਿੰਘ ਨੂੰ ਕੁਛ ਫੌਜ ਦੇਕੇ ਖਬੇ ਪਾਸੇ ਤੋਰਿਆ ਤੇ ਆਪ ਮਹਾਰਾਜੇ ਨੇ ਤਲਵਾਰ ਧੂਹ ਕੇ ਹਾਥੀ ਅਗੇ ਵਲ ਵਧਾਯਾ ਇਸ ਦਲ ਵਿੱਚ ਭੀ ਚੰਗੇ ੨ ਸੂਰਮੇ ਹਠੀ ਤਪੀ ਸਿੰਘ ਲੜੇ ਜੈਸਾਕਿ ਬਾਬਾ ਫੂਲਾ ਸਿੰਘ ਜੀ ਅਕਾਲੀ, ਗਰਜਾ ਸਿੰਘ, ਕਰਮ ਸਿੰਘ ਆਦਿਕ ਬਹੁਤੇਰਾ ਵਧਦੇ ਰਹੇ, ਪਰ ਮੌਕਾ ਕਸੂਤਾ ਹੋਣ ਕਰਕੇ ਹਰ ਵਾਰੀ ਬਹੁਤ ਸਾਰਾ ਨੁਕਸਾਨ ਪਾਕੇ ਪਿਛੇ ਹਟਦੇ ਰਹੇ, ਏਹ ਹਾਲ ਦੇਖ ਕੇ ਬਾਬਾ ਫੂਲਾ ਸਿੰਘ ਜੀ ਨੇ ਹਾਥੀ ਤੇ ਹੀ ਅਰਦਾਸਾ ਸੋਧਿਆ ਤੇ ਆਪਣੇ ਸੰਗੀ ਕੁਛ ਸਿੰਘਾਂ ਨੂੰ ਨਕਦ ਜਾਨ ਦੇ ਬਦਲੇ ਸ਼ਹੀਦੀ ਖ੍ਰੀਦਣ ਦਾ ਸੌਦਾ ਕਰਨ ਲਈ ਆਪਣੇ ਨਾਲ ਲੈ ਲਿਆ ਤੇ ਅੱਗੇ ਵਧੇ, ਦੁਸ਼ਮਨ ਇੱਟ, ਵੱਟਾ, ਪੱਥਰ, ਗੋਲੀ ਤੇ ਤੀਰ ਗੜੇ ਵਾਂਗੂੰ ਬਰਸਾਉਂਦੇ ਸਨ, ਪਰ ਏਹ ਬਹਾਦੁ ਸਿਦਕੀ ਸੂਰਮੇ ਪ੍ਰਣ ਨਿਬਾਹੁਣ ਵਾਲੇ ਕਹਿਣੀ ਦੇ ਸੂਰੇ ਨਹੀਂ ਸੇ ਬਲਕਿ ਕਰਨੀ ਦੇ ਧਨੀ ਸਨ, ਕਿਸੇ ਤੋਂ ਨ ਡਰੇ ਨਿਧੜਕ ਸ਼ੇਰ ਵਾਂਗੂੰ ਸਿੱਧੇ ਹੀ ਵਧੀ ਗਏ, ਕਈ ਹਠੀ ਸੂਰੇ ਰਸਤੇ ਵਿੱਚ ਜੁਝੇ, ਅਕਾਲੀ ਜੀ ਦਾ ਜੁਸਾ ਭੀ ਤੀਰਾਂ ਤੇ ਗੋਲੀਆਂ ਦੀ ਚਾਂਦਮਾਰੀ ਬਨ ਰਿਹਾ ਸੀ, ਛਾਨਣੀ ਵਾਂਗੂੰ ਛੇਕੋ ਛੇਕ ਹੋ ਗਿਆ ਪਰ ਉਸ ਅਦੁਤੀ ਹੌਸਲੇ ਨੇ ਸਾਕੇ ਸੁਖ ਵਾਸਤੇ ਜਾਨ ਵਾਰਨੀ

ਸੀ. ਮਾਨ ਪ੍ਰਿਤਿਸ਼੍ਹਾ ਦੀ ਇਛਾ ਥੋੜੀ ਸੀ, ਏਹ ਦੇਖਕੇ ਮਹਾਵਤ ਚਰਿਆ ਤੇ ਅਕਾਲੀ ਜੀ ਦੇ ਹਾਥੀ ਨੂੰ ਅੰਕੁਸ਼ ਮਾਰਕੇ ਮੋੜਨਾ ਚਾਹਿਆ, ਪਰ ਓਹ ਪਵਿਤ੍ਰ ਰੂਹਾਂ ਅਜ ਕਲ ਦੀਆਂ ਖੁਦਗਰਜ਼ੀਆਂ ਤੇ ਫੁੱਟਦੀਆਂ ਸ਼ਿਕਾਰ ਨਹੀਂ ਸਨ, ਬਲਕਿ ਦੇਸ਼ ਨੂੰ ਦੁਖ ਤੋਂ ਬਚਾਨ ਵਾਸਤੇ ਮਨੁਖਾ ਜਨਮ ਵਿਚ ਆਏ ਸੀ, ਸੋ ਅਕਾਲੀ ਜੀ ਨੇ ਮਹਾਵਤ ਨੂੰ ਓਸੇ ਵਕਤ ਸ੍ਰੀ ਸਾਹਿਬ ਨਾਲ ਝਟਕਾਕੇ ਹੇਠਾਂ ਸੁਟ ਦਿੱਤਾ ਤੇ ਆਪ ਹੀ ਹਾਥੀ ਨੂੰ ਅੱਗੇ ਚਲਾ ਸਿਧਾ ਗਾਜ਼ੀਆਂ ਦੀ ਫੌਜ ਵਿੱਚ ਬਰਸਦੀ ਅੱਗ ਵਿੱਚ ਚਲਾਈ ਚਲੇ ਗਏ, ਇਸ ਤਰਾਂ ਲੜਦੇ ਮਾਰਦੇ ਜਦ ਠੀਕ ਪਹਾੜੀ ਉਤੇ ਪਹੁੰਚ ਗਏ ਤਾਂ ਅਕਾਲੀ ਜੀ ਨੂੰ ਇਕ ਗੋਲੀ ਮਥੇ ਵਿੱਚ ਲੱਗੀ ਸੋ ਓਹ ਤਾਂ ਸਤਿ ਸ੍ਰੀ ਅਕਾਲ ਗਜਾਕੇ ਓਥੇ ਹੀ ਸ਼ਹੀਦ ਹੋ ਗਏ*.

ਦੂਸਰੇ ਪਾਸਿਓਂ ਸਰਦਾਰ ਹਰੀ ਸਿੰਘ ਜੀ ਆਪਨੀ ਸੈਨਾ ਨਾਲ ਨਿਧੜਕ ਲੜਦੇ ਮਾਰਦੇ ਪਹਾੜੀ ਤੇ ਚੜ੍ਹੇ ਆਂਵਦੇ ਸਨ, ਸੋ ਪਠਾਨ ਦੁਵੱਲਾ ਫੈਂਸੇ ਗਏ, ਏਧਰੋਂ ਬਾਕੀ ਦੇ ਅਕਾਲੀ ਸਿੰਘ ਜੂਝਦੇ ਮਾਰਦੇ ਪਹਾੜੀ ਦੇ ਸਿਰੇ ਤੇ ਪਹੁੰਚ ਗਏ.

ਹੁਣ ਏਹ ਮਨਭਾਵੀ ਜਗਾ ਤੇ ਪਹਾੜੀ ਦੇ ਸਿਰ ਤੇ ਤਾਂ ਆ ਗਏ, ਮੂਰ ਥੋੜਿਆਂ ਦਾ ਬਹੁਤਿਆਂ ਨਾਲ ਕਿਸਤਰਾਂ ਟਾਕਰਾ

---

*ਤਿਨਸੌ ਦਰਖ੍ਵਾਸਤ ਆਵਨਤੇ ਬਾਬਾ ਫੂਲਾਸਿੰਘਜੀ ਅਕਾਲੀ ਦੇ ਕਾਰਨਾਮੇ ਛੀ ਛਾਪੇ ਜਾਣਗੇ ਤੇ ਦੱਸਿਆ ਜਾਵੇਗਾ ਕਿ ਕਿਸਤ੍ਰਾਂ ਇਸ ਬਹਾਦਰ ਸ਼ਹੀਦ ਨੇ ਪਠਾਨਾਂ ਨੂੰ ਸਿੱਧਾ ਕੀਤਾ. ਭਾਈ ☞ ਅਮਰਸਿੰਘ, ਮੈਨੇਜਰ, ਖਾਲਸਾ ਏਜੰਸੀ, ਅਨਾਰਕਲੀ, ਲਾਹੌਰ ਨੂੰ ਚਿੱਠੀ ਲਿਖੋ.

ਹੋਵੇ ? ਪਠਾਨ ਪਹਿਲੇ ਤਾਂ ਘਬਰਾਏ ਪਰ ਫੇਰ ਸਿੰਘ ਥੋੜੇ ਦੇਖ ਕੇ ਝਪਟਕੇ ਆ ਪਏ:-ਏਧਰ ਭੀ ਅਕਾਲੀ ਸੇ,ਲੜਾਈ ਲੋਕ ਥੰਨ੍ਹਕੇ ਕੇਸਾਂ ਸਾਸਾਂ ਨਾਲ ਨਿਬਾਹੁੰਦੇ ਰਹੇ.

ਏਨ੍ਹਾਂ ਨੂੰ ਇਸ ਔਕੜ ਵਿਚ ਭੀ ਸਾਰੇ ਸਾਹਸ ਨਾਲ ਗਾਜ਼ੀਆਂ ਦੇ ਆਹੂ ਲਾਹੁੰਦੇ ਤੇ ਆਪਨੀਆਂ ਜਾਨਾ ਵਾਰਦੇ ਦੇਖ ਕੇ ਸਰਦਾਰ ਹਰੀਸਿੰਘ ਜੀਨੇ ਆਪਨੀ ਫੌਜ ਸੂਦਾਰ ਮਹਾਂਸਿੰਘ ਦੇ ਸਪੁਰਦ ਕਰ ਦਿੱਤੀ ਤੇ ਕੁਛ ਗਿਣਤੀ ਦੇ ਸੂਰਬੀਰ ਨਾਲ ਲੈਕੇ ਏਨ੍ਹਾਂ ਅਕਾਲੀਆਂ ਦੀ ਮਦਦ ਵਾਸਤੇ ਆਏ । ਪਠਾਨਾਂ ਨੇ ਏਨ੍ਹਾਂ ਦਾ ਰਸਤਾ ਬੜਾ ਰੋਕਿਆ, ਪਰ ਸਰਦਾਰਜੀ ਓਨ੍ਹਾਂ ਦੇ ਦਲ ਨੂੰ ਬਰਸਦੀ ਅੱਗ ਵਿੱਚੋਂ ਬਿਜਲੀ ਦੀ ਤੇਜ਼ੀ ਵਾਂਗੂੰ ਚੀਰਕੇ ਅਕਾਲੀਆਂ ਨੂੰ ਆ ਹੀ ਮਿਲੇ.

ਇਸ ਵੇਲੇ ਸਰਦਾਰਜੀ ਨੇ ਇੱਕ ਹੋਰ ਬੜੀ ਖੂਬੀ ਏਹ ਕੀਤੀ, ਕਿ ਮੋਹਰਾਂਦੀਆਂ ਥੈਲੀਆਂ ਜੋ ਅਕਸਰ ਓਹ ਲੜਾਈ ਵਿੱਚ ਆਪਣੇ ਨਾਲ ਰੱਖਦੇ ਹੁੰਦੇ ਸੀ, ਏਥੇ ਲੁਟਾਵਨੀਆਂ ਸ਼ੁਰੂ ਕਰ ਦਿੱਤੀਆਂ, ਸੋ ਪਠਾਨਾਂ ਦੇ ਲੁਟੇਰਿਆਂ ਨੂੰ ਓਨ੍ਹਾਂ ਦੀ ਲੁਟ ਵੱਲ ਝੋਕਕੇ ਆਪ ਕਈਆਂ ਪਠਾਨਾਂ ਦੇ ਸੱਥਰ ਵਿਛਾਉਂਦੇ ਠੀਕ ਪਹਾੜੀ ਤੇ ਆ ਪਹੁੰਚੇ.

ਅਕਾਲੀ ਜੀ ਦੇ ਅਸਵਾਰੇ ਦਾ ਹਾਥੀ ਭੀ ਵਿਚੇ ਝੂਮ ਰਿਹਾ ਸੀ, ਜਿਸਤੋਂ ਸਰਦਾਰ ਜੀ ਨੇ ਕਈ ਮੋਹਰਾਂ ਸੁਟੀਆਂ ਤੇ ਅਨ-ਗਿਣਤ ਪਠਾਨਾਂ ਨੂੰ ਇਸ ਪੰਜ ਭੂਤਕ ਦੇਹ ਤੋਂ ਛੁਟੀ ਦਿਤੀ। ਏਹ ਲੜਾਈ ਬੜੀ ਕਰੜੀ ਸੀ ਤੇਗਾ ਤੇ ਤੇਗਾ, ਭਾਲੇ ਤੇ ਭਾਲਾ ਵੱਢਾ ਟੁਕੀ ਕਰ ਰਹੇ ਸਨ, ਜ਼ਮੀਨ ਨੇ ਭੀ ਲਾਲ ਸੁਹਾਗ ਦੀ ਪੁਸ਼ਾਕ ਪਾਈ, ਸੈਂਕੜੇ ਬਹਾਦੁਰਾਂਦੇ ਸੱਥਰ ਲੱਥੇ । ਡਾਕਟਰ ਮੈਕਗ੍ਰੇਗਰ ਕਹਿੰਦਾ ਹੈ ਕਿ ਦਸ ਹਜ਼ਾਰ ਪਠਾਨ ਇਸ ਲੜਾਈ

ਵਿੱਚ ਮਾਰਿਆ ਗਿਆ ਤੇ ਸਿੰਘ ਭੀ ਬਹੁਤ ਸ਼ਹੀਦ ਹੋਏ.

ਹੁਣ ਪਿਛਲੀ ਫੌਜ ਭੀ ਇਸ ਫਤਹਯਾਬ ਦਲ ਨੂੰ ਆ ਮਿਲੀ, ਜੋ ਗਾਜ਼ੀ ਹਮਲੇ ਵਿੱਚ ਅੜਿਆ ਸੋ ਝੜਿਆ. ਮੁਹੰਮਦ ਆਜ਼ਮਖਾਂਨ ਦੀ ਫੌਜ ਨੂੰ ਜਨਰਲ ਵੈਂਤੂਰੇ ਦੇ ਦਲ ਨੇ ਭਾਜ ਫਰਾਟ ਪਾ ਦਿੱਤਾ, ਜੋੜੀਆਂ ਬੇੜੀਆਂ ਉਸਨੇ ਪਾਰ ਆਵਨ ਵਾਸਤੇ ਮੰਗਾਈਆਂ ਸਨ ਸਭਨੂੰ ਗੋਲੇ ਮਾਰ ਕੇ ਰੋੜ੍ਹ ਦਿੱਤਾ.

ਜਦ ਮਹੰਮਦਆਜ਼ਮਖਾਂ ਨੇ ਆਪਨੀ ਫੌਜ ਦੀ ਏਹ ਮੰਦਭਾਗੀ, ਗਾਜ਼ੀਆਂ ਦੀ ਏਹ ਦੁਰਦਸ਼ਾ, ਬੇੜੀਆਂ ਦਾ ਖੁਸਨਾ ਡਿਠਾ, ਤਾਂ ਮੈਦਾਨ ਖਾਲੀ ਛੱਡਕੇ ਕਾਬਲ ਨੂੰ ਭੱਜ ਗਿਆ। ਸਿੰਘਾਂ ਨੂੰ ਬਹੁਤ ਸਾਰਾ ਅਸਬਾਬ, ਘੋੜੇ, ਤੰਬੂ, ਤੋਪਾਂ ਆਦਿਕ ਹੱਥ ਆਈਆਂ। ਕਈ ਨਾਮੀ ਪਠਾਨ ਮਾਰੇ ਗਏ, ਕਈ ਕਹਿੰਦੇ ਹਨ ਕਿ ਮੁਹੰਮਦਆਜ਼ਮਖਾਂ ਦਾ ਪਿੱਛਾ ਕਰਕੇ ਫੌਜ ਨੇ ਉਸ ਨੂੰ ਮਾਰ ਸੁਟਿਆ.

## ਮੁਹੰਮਦਖਾਂਤ੍ਰੀਨ ਦੀ ਤਬਾਹੀ (੨੪)

ਇਸੇ ਸਾਲ ਸਰਦਾਰ ਜੀ ਨੇ ਰਾਵਲਪਿੰਡੀ, ਧੰਨੀ, ਛੱਛ, ਦਬੌਰਾ ਦਾ ਮਾਮਲਾ ਵਸੂਲ ਕੀਤਾ। ਸਰਕਾਰ ਨੇ ਲਾਹੌਰ ਆਕੇ ਦੁਸੈਹਰੇ ਦਾ ਵੱਡਾ ਦੀਵਾਨ ਕੀਤਾ ਤੇ ਸਰਦਾਰ ਹਰੀਸਿੰਘ ਜੀ ਨੂੰ ਸੱਦਕੇ ਬੜਾ ਸਿਰੋਪਾ ਦਿੱਤਾ, ਅਤੇ ਮੁਹੰਮਦਖਾਂਤ੍ਰੀਨ ਨੂੰ ਜੋ ਕੈਦ ਕੀਤਾ ਗਿਆ ਸੀ ੫੫੦੦੦੦) ਦੀ ਚਟੀ ਲਾਈ ਤੇ ਏਹ ਸਾਰੀ ਰਕਮ ਵਸੂਲ ਕਰਨ ਵਾਸਤੇ ਸਰਦਾਰ ਹਰੀਸਿੰਘ ਜੀ ਦੇ ਸਪੁਰਦ ਕਰਦਿੱਤਾ.

ਇਸ ਖਬਰ ਨੂੰ ਸੁਣਕੇ ਉਸਦੇ ਸਾਕਾਂ ਮਿਤ੍ਰਾਂ ਵਿਚ ਹਿਲ ਜੁਲ ਮਚ ਗਈ, ਸੋ ਉਸਦੇ ਭਤੀਜੇ ਬੈਸਰਾਂਖਾਂਤ੍ਰੀਨ ਨੇ

ਜੋ ਬੀਸ ਹਜ਼ਾਰ ਸਾਲਦੀ ਸਰਕਾਰੋਂ ਜਾਗੀਰ ਪਾਉਂਦਾ ਸੀ, ਨਿਮਕ ਹਰਾਮੀ ਕਰਕੇ ਸਾਰੇ ਹਜ਼ਾਰੇ ਦੇ ਇਲਾਕੇ ਵਿੱਚ ਬਗਾਵਤ ਕਰ ਦਿੱਤੀ, ਇਸ ਖਿਆਲ ਤੇ ਕਿ ਸਰਦਾਰ ਦਰਬਾਰ ਵਾਸਤੇ ਲਾਹੌਰ ਗਿਆ ਹੈ, ਤੇ ਸਰਦਾਰ ਮਹਾਂਸਿੰਘ ਨਾਇਬ ਗਵਰਨਰ ਕੁਛ ਸਲਾਹ ਕਰਨ ਵਾਸਤੇ ਉਨ੍ਹਾਂ ਨੂੰ ਮਿਲਨ ਚਲਾ ਗਿਆ ਹੈ ਸੋ ਹੁਨ ਦੇਸ ਨੂੰ ਵਾਲੀ ਤੋਂ ਬਿਨਾ ਜਾਨਕੇ ਉਸਦੇ ਚੁਕੇ ਚੁਕਾਏ ਗਾਜ਼ੀਆਂ ਨੇ ਹਰੀਪੁਰ ਦੇ ਕਿਲੇ ਨੂੰ ਘੇਰਾ ਪਾ ਦਿੱਤਾ.

ਇਸ ਖਬਰ ਨੂੰ ਰਾਵਲਪਿੰਡੀ ਸੁਣਕੇ ਸਰਦਾਰ ਜੀ ਨੂੰ ਪਠਾਨਾਂ ਦੇ ਜ਼ਿੱਦਲ ਹਠ ਤੇ ਬੜਾ ਜੋਸ਼ ਆਇਆ, ਤੇ ਡੇਰਨ ਝਬਲ ਕੂਚ ਕਰਕੇ ਵਾਪਸ ਆਏ, ਪਰ ਏਥੇ ਉਨੇ ਫਿਰ ਤੋੜੀ ਬਾਗੀ ਹਦੋਂ ਬਾਹਲੇ ਇੱਕਠੇ ਹੋ ਗਏ ਸੀ, ਸੋ ਸਮਾ ਵਿਚਾਰਕੇ ਲੜਾਈ ਨ ਛੇੜੀ ਤੀਸਰੇ ਦਿਨ ਪਤਾ ਲੱਗਾ ਕਿ ਜਨਰਲ ਵੈਂਤੂਰਾ ਫੌਜਲੈਕੇ ਪਿਸ਼ਾਵਰ ਨੂੰ ਜਾਂਦਾ ਹੈ ਤੇ ਅੱਜ ਪੰਜੇ ਸਾਹਿਬ ਠਹਰਿਆ ਹੈ, ਸੋ ਇਸ ਮੌਕੇ ਨੂੰ ਚੰਗਾ ਜਾਨਕੇ ਉਸ ਨੂੰ ਬੁਲਾ ਲਿਆ.

ਇਸ ਵਕਤ ਸਭਨੇ ਗੁਰਮਤਾ ਕਰਕੇ ਰਾਤੋ ਰਾਤ ਹੱਲਾ ਕਰ ਦਿੱਤਾ, ਤੇ ਬੋਸਤਾਂਖਾਂਜ਼ੀਨ ਤੇ ਜਲਾਲਖਾਂ ਦਲਾਜ਼ਕ ਵਗੈਰਾ ਬਾਗੀ ਮੁਫੱਸਦਾਂ ਨੂੰ ਜਿੰਨ੍ਹਾਂ ਦੀ ਸ਼ਰਾਰਤ ਨਾਲ ਏਹ ਬਗਾਵਤ ਹੋਈ ਸੀ ਪਕੜਕੇ ਕਿਲੇ ਹਰਕਿਸ਼ਨ ਗੜ੍ਹ ਵਿੱਚ ਕੈਦ ਕਰ ਦਿੱਤਾ.

ਜਨਰਲ ਵੈਂਤੂਰਾ ਜਾਂ ਪਿਸ਼ਾਵਰ ਚਲਾ ਗਿਆ, ਸਰਦਾਰ ਹਰੀਸਿੰਘ ਜੀ ਦੁਸਹਿਰੇ ਦੇ ਦਰਬਾਰ ਵਾਸਤੇ ਲਾਹੌਰ ਆਏ ਤੇ ਸਰਦਾਰ ਮਹਾਂਸਿੰਘ ਨੇ ( ਸਰਦਾਰ ਹਰੀਸਿੰਘ ਜੀ ਦੀ ਆਗਿਆ

ਨਾਲ) ਧੋਸਤਾਂਖਾਤ੍ਰੀਨ, ਜਲਾਲਖਾਂ ਵਲਾਯਕ ਤੇ ਸਲੀਮਸ਼ਾਹ ਮਸਵਾਨੀ ਵਗੈਰਾ ਰੋਟੀ ਦੇ ਬਾਗੀਆਂ ਨੂੰ ਦੇਸ ਵਿੱਚ ਅਮਨ ਰਖਨ ਦੀ ਖਾਤਰ ਤੋਪ ਅੱਗੇ ਉੜਾ ਦਿੱਤਾ, ਤੇ ਮਸਵਾਨੀਆਂ ਦਾ ਸਾਰਾ ਇਲਾਕਾ ਜ਼ਬਤ ਕਰਕੇ ਓਨ੍ਹਾਂ ਦੀਆਂ ਗੜ੍ਹੀਆਂ ਸਾੜ ਦਿਤੀਆਂ। ਇਸ ਸਜ਼ਾ ਨਾਲ ਬਾਗੀ ਸਿਧੇ ਹੋਗਏ ਤੇ ਦੇਸ਼ ਵਿੱਚ ਭੀ ਕੁਛ ਅਮਨ ਹੋ ਗਿਆ.

ਇੱਕ ਦਿਨ ਸਰਦਾਰ ਜੀਨੇ ਮੁਹੰਮਦ ਖਾਂ ਨੂੰ ੫੫੦੦੦) ਦੀ ਚੱਟੀ ਭਰਨ ਵਾਸਤੇ ਕਿਹਾ ਕਿ ਜੇ ਸ਼ਰਾਰਤਾਂ ਤੋਂ ਬੰਦ ਹੋਂਨ ਦਾ ਭਰੋਸਾ ਦੇਵੇਂ ਤਾਂ ਤੈਨੂੰ ਛੱਡ ਦਿੱਤਾ ਜਾਵੇਗਾ, ਤੇ ਜਾਗੀਰ ਵਿੱਚ ਭੀ ਵਾਧਾ ਕੀਤਾ ਜਾਵੇਗਾ. ਪਰ ਇਸਦੀ ਅਕਲ ਇਸ ਵਕਤ ਹਰਖ ਤੇ ਝੌਂਦੀ ਸੀ, ਤੇ ਆਪਨੇ ਸੰਬੰਧੀ ਤੇ ਮਿਤਰਾਂ ਦੀ ਮੌਤ ਦੀ ਚਿੰਤਾ ਵਿੱਚ ਦਲਗੀਰ ਸੀ, ਸੋ ਸਰਦਾਰ ਜੀ ਨੂੰ ਕੁਝ ਚੰਗਾ ਉੱਤਰ ਦੇਨ ਦੀ ਥਾਂ ਅਵੈੜਾ ਹੀ ਬੋਲਿਆ, ਸਰਦਾਰ ਜੀ ਨੇ ਭੀ ਉਸ ਨੂੰ ਕੈਦੀ ਜਾਨਕੇ ਕੁਛ ਨ ਕਿਹਾ, ਪਰ ਕਲਰ ਕਹਾਰਦੇ ਕਿਲੇ ਵਿੱਚ ਭੇਜ ਦਿੱਤਾ, ਜਿੱਥੇ ਓਹ ਦੁਖ ਪਾਕੇ ਮਰ ਗਿਆ, ਪਿਆਰੇ ਪਾਠਕ ਜੀ ਆਪ ਪੜ੍ਹ ਚੁਕੇ ਹੋ ਕਿ ਏਹ ਕੈਸਾ ਦੁਸ਼ਟ ਤੇ ਪ੍ਰਜਾ ਘਾਤਕ ਅਤੇ ਮਿਤਰ ਦ੍ਰੋਹੀ ਸੀ, ਤੇ ਕਿਸ ਤਰਾਂ ਆਪਨੇ ਕੀਤੇ ਦੀ ਸਜ਼ਾ ਪਾਕੇ ਗਲ ੨ ਕੇ ਕੈਦ ਵਿੱਚ ਹੀ ਮੋਯਾ, ਅਮਨ ਦੇ ਵੈਰੀਆਂ ਦਾ ਅਜੇਹਾ ਹੀ ਹਾਲ ਹੁੰਦਾ ਹੈ.

## ਸੈਦ ਅਹਿਮਦ ਜਹਾਦੀ ਪ੍ਰਸਿੱਧ ਫ਼ਸਾਦੀ ਦੀ ਤਬਾਹੀ (੨੫)

ਸੈਦ ਅਹਿਮਦ ਮੁਹੰਮਦ ਉਰਫੋਯਾ ਦਾ ਪੁਤ੍ਰ ਬਰੇਲੀ ਦਾ

ਰਸਨੀਕਸੀ,ਸੰਮਤ ੧੭੭੬ ਈ: ਵਿੱਚ ਜੰਮਿਆ,ਏਹ ਬਿਲਕੁਲ ਉਜੱਡ ਸੀ. ਜੁਆਨੀ ਵਿੱਚ ਜਦ ਰੋਜ਼ਗਾਰ ਦੀ ਫ਼ਿਕਰ ਲੱਗੀ ਤਾਂ ਲਖਨਊ ਆ ਗਿਆ, ਪਰ ਓਥੇ ਭੀ ਇਸ ਅਨਪੜ੍ਹ ਦੀ ਕੁਝ ਦਾਲ [illegible] ਗਲੀ,ਸੋ ਓਥੋਂ ਭੁੱਖਾ ਮਰਦਾ ਦਿੱਲੀ ਆ ਗਿਆ, ਤੇ ਇੱਕ ਤਅੱਸਬੀ ਮੌਲਵੀ ਅਬਦੁਲਅਜ਼ੀਜ਼ ਤੋਂ ਪੜ੍ਹਨਾ ਸ਼ੁਰੂ ਕੀਤਾ,ਸੋ ਚੰਗਾ ਤਾਂ ਨ ਪੜ੍ਹਿਆ ਪਰ ਕਰਮਤਰਕ ਰਹਿਣ ਕਰਕੇ ਤਅਸਬ ਦਾ ਜ਼ਖੀਰਾ ਹਦੋਂ ਵਧ ਗਿਆ,ਤੇ "ਨੀਮ ਮੁਲਾਂ ਖਤਰਾ ਈਮਾਨ" ਵਾਲੀ ਗਲ ਹੋ ਗਈ,ਏਥੋਂ ਹਟਕੇ ਅਮੀਰਖਾਂ ਰੁਹੇਲੇ ਲੁਟੇਰੇ ਦੀ ਫ਼ੌਜ ਵਿੱਚ ਰਹਿਕੇ ਇਸਨੇ ਕਈ ਪਿੰਡ ਲੁਟੇ ਤੇ ਸਾੜੇ,ਪਰ ਜਦ ਅਮੀਰ ਖਾਂ ਨੂੰ ਸਰਕਾਰ ਅੰਗ੍ਰੇਜ਼ੀ ਨੇ ਮਾਤਹਤ ਕਰ ਲਿਆ ਤਾਂ ਇਸਨੂੰ ਲੁਟ ਮਾਰ ਦਾ ਚਸਕਾ ਤਾਂ ਲੱਗਾ ਹੋਯਾ ਸੀ,ਹੁਣ ਬੜਾ ਬਿਲਲਾਯਾ ਤੇ ਜਦ ਕੁਛ ਪੇਸ਼ ਨ ਜਾਂਦੀ ਡਿੱਠੀ ਤਾਂ ਦਿੱਲੀ (ਜੋ ਕੇਵਲ ਨਾਮ ਪ੍ਰੀਕ ਮੁਸਲਮਾਨਾਂ ਦੇ ਕਬਜ਼ੇ ਵਿੱਚ ਸੀ) ਆ ਗਿਆ,ਮੁਸਲਮਾਨ ਪੰਜਾਬ ਦਾ ਆਪਣੇ ਹਥੋਂ ਖੁਸਣਾਂ ਤੇ ਸਿੰਘਾਂ ਦੇ ਹੱਥ ਵਿੱਚ ਜਾਣਾ ਦੇਖਕੇ ਮਤਸਰ ਦੀ ਅੱਗ ਵਿੱਚ ਜੀਊਂਦੇ ਹੀ ਸੜ ਰਹੇ ਸਨ, ਸੋ ਇਸ ਦੀ ਲੁੱਟ ਮਾਰ ਤੇ ਜ਼ੁਲਮ ਤਾਂ ਮਸ਼ਹੂਰ ਹੀ ਸਨ, ਇਸ ਲਈ ਮੌਲਵੀ ਅਬਦੁਲ ਅਜ਼ੀਜ਼ ਤੇ ਉਸਦੇ ਭਤੀਜੇ ਮੌਲਵੀ ਇਸਮਾਈਲ ਨੇ (ਜੋ ਬੜੇ ਭਾਰੇ ਤਅਸਬੀ ਸੇ ਤੇ ਸਦਾ ਹੀ ਮੁਸਲਮਾਨਾਂ ਨੂੰ ਹਿੰਦੂਆਂ ਪੁਰ ਜ਼ੁਲਮ ਕਰਨ ਲਈ ਪ੍ਰੇਰਦੇ ਸੇ) ਇਸਨੂੰ ਆਪਣਾ ਜਥੇਦਾਰ ਥਾਪਿਆ ਤੇ ਸਿੰਘਾਂ ਦੇ ਪਿੰਡਾਂ ਵਿੱਚ ਰੌਲਾ ਪਾਉਣ ਲਈ ਪ੍ਰੇਰਿਆ.

ਭਾਵੇਂ ਏਹ ਓਹਨਾਂ ਦਾ ਉੱਘਾ ਸੂਰਮਾਂ ਸੀ ਪਰ ਤਦ ਭੀ ਸਿੰਘਾਂ ਦੇ ਸਾਮਣੇ ਆਵਣ ਦਾ ਹੌਸਲਾ ਨ ਹੋਯਾ, ਪ੍ਰਣ ਦੇਵੇਂ

ਮੌਲਵੀ ਪਛਤਾਏ ਤੇ ਇਸਦੀ ਐਸੀ ਕਾਇਰਤਾ ਦੇਖ ਕੇ ਇਕ ਨਵੀਂ ਮਨਘੜਤ ਕਿਤਾਬ ਬਨਾ ਦਿੱਤੀ, ਜਿਸ ਵਿੱਚ ਸੈਦ ਅਹਿਮਦ ਨੂੰ ਪੀਰ ਬਨਾਕੇ ਸਬਨਾਂ ਮੁਸਲਮਾਨਾਂ ਨੂੰ ਜਹਾਦ ਵਾਸਤੇ ਉਕਸਾਯਾ ਕਿ ਪੰਜਾਬ ਵਿੱਚ ਲੜਾਈ ਕਰਕੇ ਸਿੰਘਾਂ ਨੂੰ ਮਾਰਕੇ ਕੱਢ ਦੇਵੋ.

ਏਨ੍ਹਾਂ ਜਹਾਦੀ ਲੁਟੇਰਿਆਂ ਦੀ ਮਦਦ ਨਾਲ ਇਸ ਬਨਾਵਟੀ ਪੀਰ ਨੇ ਕਈ ਦੌਰੇ ਇਸੇ ਜਹਾਦ ਦੀ ਖਾਤਰ ਕੀਤੇ ਤੇ ਅਨਗਿਣਤ ਸੈਨਾ ਤੇ ਮੁਲਖੱਯੇ ਨੂੰ ਆਪਨੇ ਨਾਲ ਰਲਾਯਾ ਤੇ ਮੱਕੇ ਦਾ ਹੱਜ ਭੀ ਕੀਤਾ, ਓਥੋਂ ਆਕੇ ਪੰਜਾਬ ਵਿੱਚ ਜਦ ਕੁਛ ਬਨਦਾ ਨ ਦੇਖਿਆ ਤਾਂ ਕਾਬਲ, ਕੰਧਾਰ, ਗਜ਼ਨੀ, ਜਲਾਲਾਬਾਦ ਆਦਿਕਾਂ ਵਿੱਚ ਫਿਰ ੨ ਕੇ ਜਹਾਦ ਵਾਸਤੇ ਝਸਾਈ ਪਠਾਨਾਂ ਨੂੰ ਨਾਲ ਰਲਾਯਾ, ਲੋਗ ਭੀ ਬਿਨਾ ਸੋਚੇ ਇਸ ਬਨਾਵਟੀ ਠੱਗ ਪੀਰ ਦੀ ਸ਼ਰਨ ਵਿੱਚ ਆਂਵਦੇ ਰਹੇ, ਤੇ ਲੁੱਟ ਮਾਰ ਦੀ ਆਸ ਵਿੱਚ ਦਮਬਦੱਮ ਇਸਦਾ ਜੱਥਾ ਵਧਨ ਲਗਾ.

ਹੁਣ ਇਸਨੇ ਅਨਗਿਨਤ ਕੰਧਾਰੀ ਤੇ ਹਿੰਦੁਸਤਾਨੀ ਸੈਨਾ ਲੈਕੇ ਪਿਸ਼ਾਵਰ ਵੱਲ ਆ ਡੇਰਾ ਜਮਾਯਾ, ਤੇ ਏਥੇ ਆਪਨਾ ਝੰਡਾ ਗੱਡਕੇ ਦੇਸ਼ ਵਿੱਚ ਦਸਵੰਧ ਦਾ ਮਾਮਲਾ ਪਿੰਗੋਸ਼ੋਰੀ ਲੈਣਾਂ ਸ਼ੁਰੂ ਕੀਤਾ। ਬਿਚਾਰੇ ਅਨਾਥ ਹਿੰਦੂਆਂ ਤੇ ਬੜੀ ਕਰੜੀ ਜ਼ੁਲਮ ਦੀ ਨਦੀ ਵਗਾਈ, ਹਜ਼ਾਰਾਂ ਕਤਲ ਕੀਤੇ, ਸੈਂਕੜੇ ਦੀਨ ਵਿੱਚ ਆਂਦੇ ਅਨਗਿਨਤ ਸੁੰਦਰ ਕੁਵਾਰੀਆਂ ਕੁੜੀਆਂ ਫੜਕੇ ਜ਼ਬਰਦਸਤੀ ਮੁਸਲਮਾਨੀਆਂ ਬਨਾਕੇ ਨਿਕਾਹ ਵਿੱਚ ਆਂਦੀਆਂ, ਗੱਲ ਕੀ ਹਿੰਦੂਆਂ ਤੇ ਦੂਸਰਾ ਔਰੰਗਜ਼ੇਬੀ ਜ਼ੁਲਮ ਤੇ ਦੁਖ ਸ਼ੁਰੂ ਹੋਗਿਆ.

ਇਸਨੇ ਪਿਸ਼ਾਵਰ ਦੇ ਹਾਕਮ ਯਾਰ ਮੁਹੰਮਦ ਖਾਂ ਯੂਸਫਜ਼ਈ

ਨਾਲ ਲੜਾਈ ਕਰਕੇ ਉਸਦੀਆਂ ਕੁਛ ਤੋਪਾਂ ਤੇ ਜੰਬੂਰੇ ਭੀ ਖੋਹ ਲਏ, ਇਸ ਅਣਹੋਣ ਫਤਹ ਨੇ ਇਸਦਾ ਹੌਸਲਾ ਹੋਰ ਭੀ ਵਧਾਯਾ ਤੇ ਇਸਨੇ ਆਪਨਾ ਨਾਮ ਅਮੀਰੁਲ ਮੋਮਨੀਨ ਰਖਿਆ ਤੇ ਆਪਨੀ ਮੋਹਰ ਭੀ ਖੁਦਵਾਈ ਤੇ ਪਰਵਾਨੇ ਭੀ ਜਾਰੀ ਕੀਤੇ.

੧੯੮੩ ਬਿ: ਵਿੱਚ ਯਾਰ ਮੁਹੰਮਦ ਦੇ ਭਾਈ ਸੁਲਤਾਨ ਮੁਹੰਮਦ ਨੇ ਭੀ ਇਸਦੀ ਈਨ ਮੰਨ ਲਈ, ਫੇਰ ਤਾਂ ਇਸਨੇ ਪਿਸ਼ਾਵਰ ਵਿੱਚ ਭੀ ਆਪਨੇ ਸ਼ਰੱਈ ਹੁਕਮ ਜਾਰੀ ਕੀਤੇ, ਕਈ ਹਿੰਦੂ ਕੈਦ ਕੀਤੇ, ਤੇ ਮਾਰੇ, ਤੇ ਬੇਸ਼ੁਮਾਰ ਮੁਹੰਮਦੀ ਕੀਤੇ ਕਹਿੰਦੇ ਹਨ ਕਿ ਏਸਨੇ ਚੰਗੇ ੨ ਘਰਾਨੇ ਦੇ ਹਿੰਦੂ ਇਸਤ੍ਰੀ ਪੁਰਸ਼ਾਂ ਨੂੰ ਘਰ ਵਿੱਚ ਖਿਦਮਤਗਾਰ ਬਨਾਯਾ. ਲੁੱਟਮਾਰ ਤਾਂ ਇਸਦਾ ਕੰਮ ਹੀ ਸੀ ਸੋ ਲਾਲਚ ਦੇ ਜ਼ੋਰ ਵਿੱਚ ਮੌਲਵੀ ਮਜ਼ਹਰਅਲੀ ਨੂੰ ਪਿਸ਼ਾਵਰ ਵਿੱਚ ਆਪਨਾ ਕਾਜ਼ੀ ਥਾਪਕੇ ਏਹ ਆਪ ਪੰਜਤਾਰ ਨੂੰ ਮੁੜ ਆਯਾ ॥

ਏਨ੍ਹਾਂ ਫਸਾਦੀਆਂ ਦੀ ਖਬਰ ਦਿਨ ਬਦਿਨ ਲਾਹੌਰ ਪਹੁੰਚਦੀ ਸੀ, ਸੋ ਸਰਕਾਰ ਨੇ ਸਰਦਾਰ ਬੁਧਸਿੰਘ ਜੀ ਨੂੰ ਇਸਦੀ ਸੁਧਾਈ ਵਾਸਤੇ ਹੁਕਮ ਦਿੱਤਾ। ਪਰ ਜਹਾਦੀ ਗਾਜ਼ੀ ਤੇ ਲੁਟੇਰੇ ਅਣਗਿਣਤ ਹੋਣ ਕਰਕੇ ਏਨ੍ਹਾਂ ਦੀ ਫਤਹ ਨ ਹੋਈ, ਤੇ ਦੂਸਰਾ ਮੌਸਮ ਭੀ ਕਾਫੀ ਸਰਦੀ ਦਾ ਸੀ, ਇਸ ਲਈ ਏਨ੍ਹਾਂ ਨੇ ਸੈਦਪੁਰ ਨਾਮੇ ਪਿੰਡ ਵਿੱਚ ਹੋਰ ਫ਼ੌਜਦੀ ਮਦਦ ਦੀ ਉਡੀਕ ਵਿੱਚ ਡੇਰੇ ਲਾ ਦਿੱਤੇ। ਇਸ ਨਿਕੰਮੇ ਕਾਰਨਾਮੇ ਨੇ ਸੈਦਅਹਿਮਦ ਦੇ ਸਿਰ ਵਿੱਚ ਹੰਕਾਰ ਦਾ ਕੀੜਾ ਹੋਰ ਵੱਡਾ ਕਰ ਦਿੱਤਾ, ਦੂਸਰਾ ਲੁਟੇਰੇ ਜਹਾਦੀ ਹਰਦਮ ਇਸਦੀ ਸੈਨਾ ਵਿੱਚ ਆ ਰਹੇ ਸਨ ਜੋ ਇਸਨੂੰ ਹਰਦਮ ਉਤੇਜਨ ਰਖਦੇ:

# ਹਜ਼ਰੋ ਦੀ ਲੜਾਈ ਤੇ ਸੈਦਅਹਿਮਦ ਦੀ ਲੁਟ (੨੬)

ਇਕ ਰਾਤ੍ਰੀ ਏਸ ਨੇ ਬਹੁਤ ਸਾਰੀ ਸੈਨਾ ਲੈਕੇ ਹਜ਼ਰੋ ਨਾਮੇ ਕਸਬੇ ਨੂੰ ( ਜੋ ਉਸ ਵਕਤ ਬਿਉਪਾਰ ਦੀ ਪੂੰਜੀ ਤੇ ਚੰਗੇ ੨ ਹਿੰਦੂ ਸ਼ਾਹੂਕਾਰਾਂ ਦਾ ਪਿੰਡ ਸੀ, ) ਆ ਲੁੱਟਿਆ, ਪਰਜਾ ਬਿਚਾਰੀ ਆਨੰਦ ਵਿੱਚ ਸੌਂ ਰਹੀ ਸੀ । ਪਰ ਇਸ ਜ਼ਾਲਮ ਅਨਯਾਈ ਲੁਟੇਰੇ ਨੇ ਬੇ ਹਥਿਆਰ ਰਈਅਤ ਨੂੰ ਸੁਤਿਆਂ ਪਿਆਂ ਹੀ ਲੁਟਨ ਦੀ ਬਹਾਦਰੀ ਸਮਝੀ, ਅੱਧੀਰਾਤ ਤੋਂ ਲੱਗਕੇ ਦੂਸਰੀ ਦੁਪੈਹਰ ਤਕ ਖੂਬ ਲੁਟ ਮਾਰ ਕੀਤੀ, ਸੈਕੜੇ ਹਿੰਦੂ ਬੁਢੇ, ਜੁਵਾਨ, ਬਾਲਕ, ਮਰਦ, ਇਸਤ੍ਰੀਆਂ ਕਤਲ ਕੀਤੇ ਤੇ ਦੀਨ ਮੁਹੰਮਦੀ ਵਿੱਚ ਆਂਦੇ, ਲੁਟੇਰਿਆਂ ਨੇ ਚੰਗੀ ਲੁਟ ਮਚਾਈ, ਪੰਜਾਂ ਪਹਿਰਾਂ ਵਿੱਚ ਜੇੜ੍ਹੀ ਥਾਂ ਸੋਨੇ ਦੀ ਖਾਨ ਦਿਸਦੀ ਸੀ ਓਥੇ ਲੋਹੇ ਦਾ ਤਵਾ ਭੀ ਨ ਰਹਿਣ ਦਿੱਤਾ.

ਇਕ ਅਨਾਥ ਸੁੰਦਰ ਬ੍ਰਾਹਮਣੀ ਲੜਕੀ ਨੂੰ ( ਜਿਸ ਦਾ ਅਗਲੇ ਦਿਨ ਮੁਕਲਾਵਾ ਸੀ ) ਉਸਦੀ ਸੁੰਦ੍ਰਤਾ ਤੇ ਰੀਝਕੇ ਸੈਦਅਹਿਮਦ ਨੇ ਫੜ ਲਿਆ, ਤੇ ਮੁਸਲਮਾਨੀ ਬਨਾਕੇ ਨਿਕਾਹ ਵਿੱਚ ਲਿਆਵਨ ਵਾਸਤੇ ਮਜਬੂਰ ਕੀਤਾ, ਉਸਦੇ ਖਾਵੰਦ ਨੂੰ ਭੀ ਕੈਦ ਕਰ ਲਿਆ ਗਿਆ, ਪਰ ਰਾਤ੍ਰੀ ਓਸ ਬ੍ਰਾਹਮਣ ਨੇ ਤਾਂ ਕੁਝ ਧਨ ਪਹਿਰੇ ਦਾਰਾਂ ਨੂੰ ਦੇਕੇ ਓਹਨਾਂ ਤੋਂ ਖਲਾਸੀ ਪਾਈ ਤੇ ਸਰਦਾਰ ਹਰੀ ਸਿੰਘ ਜੀ ਦੀ ਸ਼ਰਨ ਵਿੱਚ ਆ ਗਿਆ.

# ਸ਼ਰਨਾਗਤਾਂ ਦੀ ਲਾਜ ਤੇ ਅਨਾਥ ਰਖਯਾ ( ੨੭ )

ਸਰਦਾਰ ਹਰੀ ਸਿੰਘ ਜੀ ਉਸ ਵਕਤ ਕੁਛ ਗਿਨਤੀ ਦੇ ਆਦਮੀਆਂ ਨਾਲ ਹਜ਼ਰੋਂ ਤੋਂ ਬੀਸ ਕੋਸ ਏਧਰ.ਸ਼ਿਕਾਰ ਖੇਡ ਰਹੇ ਸਨ, ਤੇ ਸੈਦ ਦੇ ਦੀਵਾਨ ਵਿੱਚ ਰਹਿਰਾਸ ਦਾ ਪਾਠ ਹੋ ਰਿਹਾ ਸੀ, ਸੋ ਅਰਦਾਸੇ ਦੇ ਪਿਛੋਂ ਇਸ ਬ੍ਰਾਹਮਣ ਨੇ ਆਪਨੀ ਦੁਖ ਭਰੀ ਵਾਰਤਾ ਖਿਅਯਾ ੨ ਕੇ ਏਸਤ੍ਰਾਂ ਕਹਿਨੀ ਸ਼ੁਰੂ ਕੀਤੀ:

"ਹੇ ਸਰਦਾਰ ਜੀ ਇਸ ਵਕਤ ਸਾਡੇ ਅਨਾਥ ਹਿੰਦੂਆਂ ਦਾ ਆਪ ਤੋਂ ਬਿਨਾ ਕੌਨ ਸਹਾਈ ਹੈ ? ਸੈਦ ਅਹਿਮਦ ਪਿੰਡੋ ਪਿੰਡੀ ਮਾਰਦਾ ਹੈ ਯਾਂ ਮੁਸਲਮਾਨ ਕਰਦਾ ਹੈ, ਤੇ ਦੇਸ ਨੂੰ ਲੁਟ ਮਾਰ ਕਰਕੇ ਤਬਾਹ ਕਰ ਦਿੱਤਾ ਹੈ, ਚੰਗੇ ੨ ਨਾਮੀ ਕੋਠੀਦਾਰ ਸ਼ਾਹੂਕਾਰ ਇਸਨੇ ਹਜ਼ਰੋ ਵਿੱਚ ਕਤਲ ਕੀਤੇ ਹਨ, ਜਿਨੇ ਧਰਮ ਪੂਜਾ ਦੇ ਸਥਾਨ ਸੇ ਸਭ ਨੂੰ ਸਾੜ ਫੂਕ ਕੇ ਮਿੱਟੀ ਦਾ ਢੇਰ ਬਨਾ ਦਿੱਤਾ ਹੈ, ਇਸਨੇ ਇਕ ਵਡੇ ਸ਼ਿਵਾਲੇ ਤੇ ਰਾਤ ਨੂੰ ਹਿੰਦੂਆਂ ਦੇ ਸਿਰ ਵੱਢ ੨ ਕੇ ਲਟਕਾ ਦਿੱਤੇ ਤੇ ਉੱਤੇ ਦੀਵੇ ਜਗਾਕੇ ਦੀਪ ਮਾਲਾ ਕੀਤੀ ਹੈ, ਠਾਕਰ ਜੀ ਨੂੰ ਪੂਜਾ ਕਰਨ ਵਾਲਿਆਂ ਦੇ ਲਹੂ ਤੇ ਮਿਝ ਵਿੱਚ ਅਸ਼ਨਾਨ ਕਰਵਾਕੇ ਪਾਖਾਨੇ ਵਿੱਚ ਸੁਟਾ ਦਿੱਤਾ ਹੈ, ਗਲਕੀ ਬਡੇ ੨ ਅਨਰਥ ਜ਼ੁਲਮ ਕੀਤੇ ਹਨ ਜੋ ਕਹੇ ਸੁਨੇ ਨਹੀਂ ਜਾਂਦੇ. ਮੇਰੀ ਇਸਤ੍ਰੀ ਕਿ ਜਿਸ ਦਾ ਮੁਕਲਾਵਾ ਕੱਲ ਹੋਨਾ ਸੀ ਫੜਕੇ ਲੈ ਗਏ ਹਨ, ਤੇ ਕੱਲ ਮੁਸਲਮਾਨੀ ਬਨਾਕੇ ਸੈਦਅਹਿਮਦ ਦੇ ਹਰਮਾਂ ਵਿੱਚ ਦਾਖ਼ਲ ਕੀਤੀ ਜਾਵੇਗੀ, ਵਾਸਤੇ ਅਕਾਲਪੁਰਖ ਸ੍ਰੀ ਗੁਰੂ ਗੋਬਿੰਦਸਿੰਘ ਜੀ ਦੇ! ਜਿਸਨੇ ਸਾਨੂੰ ਫੋਕਾਂ ਮੁਸਲਮਾਨੀ ਜ਼ੁਲਮਾਂ ਤੋਂ ਬਚਾ

ਤੇ ਆਪਨੇ ਪੜਦਾਦੇ, ਪਿਤਾ, ਤੇ ਪੁਤ੍ਰ ਤੇ ਅਨੇਕ ਸਿਦਕੀ ਸਿੰਘ ਸ਼ਹੀਦ ਕਰਵਾਏ, ਤੇ ਆਪ ਅਨੰਤ ਦੁਖ ਸਹੇ ਪਰ ਸਾਡੇ ਹਿੰਦੂਆਂ ਦੀ ਸਭੀ ਸਹਾਇਤਾ ਕੀਤੀ ਨਹੀਂ ਤਾਂ ਸਾਡੀ ਠੀਕ ਏਹੋ ਦਸਾ ਹੁੰਦੀ.

ਕਬਿੱਤ

ਛਾਇ ਜਾਤੀ ਏਕਤਾ ਅਨੇਕਤਾ ਬਿਲਾਈ ਜਾਤੀ,
ਧਾਇ ਜਾਤੀ ਕੁਰਲਤਾ ਕਤੇਬ ਨ ਕੁਰਾਨ ਕੀ।
ਪਾਪ ਪ੍ਰਪੱਕ ਜਾਤੇ ਧਰਮ ਧਸੱਕ ਜਾਤੇ,
ਬਰਨ ਗੱਰਕ ਜਾਤੇ ਸਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਸਬ ਦੂਰ ਹੋਤੇ
ਰੀਤ ਮਿਟ ਜਾਤੀ ਕਥਾ ਬੇਦ ਔ ਪੁਰਾਨ ਕੀ।
ਸ੍ਰੀਗੁਰੂ ਗੋਬਿੰਦਸਿੰਘ ਪਾਵਨ ਪਰਮਸੂਰ ਮੂਰਤ
ਨ ਹੋਤੀ ਜੌਪੈ ਕਰੁਨਾ ਨਿਧਾਨ ਕੀ"।

ਕਹਾਵਤ ਹੈ ਕਿ ਕਾਇਰਦੀ ਭੀ ਸ਼ਰਨ ਪਿਆਂ ਜੇ ਕੁਛ ਧਰਮ ਭਾਵ ਹੋਵੇਗਾ ਤਾਂ ਜ਼ਰੂਰ ਰਖਿਆ ਕਰੇਗਾ, ਪਰ ਇਸ ਬ੍ਰਾਹਮਨ ਨੇ ਤਾਂ ਭਿਖ੍ਯਕ ਬਨਕੇ ਧਰਮੀ ਸੂਰਬੀਰ, ਪਰੋਪਕਾਰੀ ਹਿੰਦੂਆਂ ਦੇ ਸਚੇ ਰਖਕ ਜੋਧੇ ਸਿੰਘ ਦੀ ਸ਼ਰਨ ਇਸ ਤਰਾਂ ਨਿਮਾਣੇ ਹੋਕੇ ਲਈ ਸੀ. ਤੇ ਵਡਿਆਂ ਦਾ ਵਾਸਤਾ ਪਾ ਪਾਕੇ ਘਿਘਿਆਯਾ ਸੀ.

ਸਰਦਾਰ ਜੀਦਾ ਮਨ ਤਾਂ ਸਹਾਇਤਾ ਵਾਸਤੇ ਕਰ ਆਇਆ ਪਰ ਸਮਾ ਵਿਚਾਰਕੇ ਉਸਨੂੰ ਕੈਦ ਕਰਨ ਦਾ ਹੁਕਮ ਦੇ ਦਿੱਤਾ, ਇਸ ਖਿਆਲ ਤੇ ਕਿ ਕਿਧਰੇ ਜਾਸੂਸ ਹੀ ਨ ਹੋਵੇ ਤੇ ਆਪ ਉਸ ਵਕਤ ਹਜ਼ਰੋ ਵਲ ਰਵਾਣੀ ਕਰ ਦਿੱਤੀ.

ਸਰਦਾਰ ਜੀ ਦੇ ਹਜ਼ਰੋਂ ਪਹੁੰਚਨ ਤਕ ਲੁਟੇਰੇ ਹਰਨ ਹੋ ਗਏ ਸਨ, ਤੇ ਉਸ ਗਰੀਬ ਅਨਾਥ ਬ੍ਰਾਹਮਣੀ ਦੇ ਵੈਣ ਸੁਨ ੨ ਕੇ ਜੰਗਲ ਦੇ ਪੰਛੀ ਭੀ ਰੋ ਰਹੇ ਸਨ, ਇਸ ਦਸ਼ਾ ਨੂੰ

ਦੇਖਕੇ ਸਰਦਾਰ ਜੀ ਨੂੰ ਇਸਦੀ ਬਾਤ ਦਾ ਪੱਕਾ ਯਕੀਨ ਹੋ ਗਿਆ ਸੋ ਆਪਨੀ ਫੌਜ ਦੀ ਕਮੀ ਦੀ ਕੁਛ ਪਰਵਾਹ ਨ ਕੀਤੀ ਤੇ ਲੁਟੇਰਿਆਂ ਦਾ ਖੂਬ ਪਿਛਾ ਕੀਤਾ,ਨੇੜੇ ਜਾਕੇ ਤੇਗਾ ਘਮਸਾਨ ਮਚਿਆ,ਲੁੱਟਦੇ ਬਦਲੇ ਗਾਜ਼ੀ ਆਪ ਲੁਟੀਨ ਲੱਗੇ,ਅਜੇ ਚੰਗੀ ਤਰਾਂ ਦਿਨ ਭੀ ਨਹੀਂ ਸੀ ਚੜਿਆ, ਜੋ ਸਿੰਘਾਂ ਨੇ ਘੇਰਾ ਜਾ ਪਾਯਾ। ਮੌਲਵੀ ਇਸਮਾਈਲ ਨੇ ਅਪਨੇ ਲੁਟੇਰੇ ਭਗੌੜਿਆਂ ਨੂੰ ਮਸਾਂ ਕਿਤੇ ਠਹਿਰਾਯਾ,ਲੜਾਈ ਬੜੀ ਕਰੜੀ ਹੋਈ ਛੇਕੜ ਤਲਵਾਰੀਂ ਜੁੱਟ ਪਏ, ਤੇ ਲਹੂ ਦੇ ਨਾਲੇ ਪਲੋਂ ਪਲੀ ਵਿੱਚ ਵਗ ਤੁਰੇ. ਸੈਦ ਅਹਿਮਦ ਭੀ ਖੂਬ ਦਿਲ ਖੋਲਕੇ ਲੜਿਆ, ਪਰ ਭਾਂਜ ਖਾਧੀ, ਸਰਦਾਰ ਜੀ ਨੇ ਪਿੱਛਾ ਕਰਕੇ ਉਸ ਕੁਰਲਾਉਂਦੀ ਬ੍ਰਾਹਮਨੀ ਨੂੰ ਲੁਟੇਰਿਆਂ ਤੋਂ ਖੋਹਕੇ ਉਸਦੇ ਖਾਵੰਦ ਦੇ ਹਵਾਲੇ ਕੀਤਾ. ਸੈਂਕੜੇ ਰੁਹੇਲੇ ਪਠਾਨ ਮਾਰੇ ਗਏ ਅਤੇ ਪਾਪੀਆਂ ਨੇ ਆਪਨੇ ਕੀਤੇ ਦੀ ਸਜ਼ਾ ਪਾਈ, ਗੁਰਵਾਕ ੬—

ਵੈਰ ਕਰੇ ਨਿਰਵੈਰ ਨਾਲ ਝੂਠੇ ਲਾਇਲਬਾ।<br>
ਮਾਰਿਆ ਸੱਚੇ ਪਾਤਿਸ਼ਾਹ ਵੇਖਿ ਧੁਰਕਰਮਣਾ।<br>
ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ।<br>
ਹੋਆ ਤਪਾਵਸ ਧਰਮ ਕਾ ਨਾਨਕ ਦਰ ਸਚਾ॥

ਇਸ ਲੜਾਈ ਨੂੰ ਦੇਖਕੇ ਸੈਦਅਹਿਮਦ ਘਬਰਾ ਗਿਆ ਅਤੇ ਉਸਤੇ ਸਿੰਘਾਂ ਦਾ ਐਸਾ ਸਿੱਕਾ ਬੈਠਾ ਕਿ ਉਸਦੇ ਵਜ਼ੀਰ ਇਸਮਾਈਲ ਨੇ ਏਸਤ੍ਰਾਂ ਕਿਹਾ ਹੈ। "ਕੀ ਦਸਾਂ ਪੀਰ ਜੀ ਮੇਰੇ ਨਾਲ ਜੋ ਬੀਤੀ ਹੈ,ਹਜ਼ਰੋ ਤੋਂ ਬੇਸ਼ੁਮਾਰ ਮਾਲ ਅਸਬਾਬ ਲੌਂਡੀਆਂ ਲੁਟੇ, ਅਨਗਿਣਤ ਦੀਨ ਵਿੱਚ ਆਂਦੇ ਜੋ ਨ ਆਏ ਸੋ ਕਤਲ ਕੀਤੇ, ਅਜੇ ਹਜ਼ਰੋ ਤੋਂ ਚਾਰ ਕੋਹ ਹੀ ਏਧਰ ਆਯਾ ਸਾਂ ਜੋ ਇਕ ਬਾਵਰੋਲਾ ਜਿਹਾ ਦਿਸਯਾ। ਤੁਸਾਂ ਪੀਰਜੀ ਸਰਦਾਰ